# ਹਾਈ ਸਟੈਂਡਰਡ ਨਿਊਜ਼

HIGH STANDARD NEWS

HIGHSTANDARDNEWS

Date 18.07.2024

www.hsnnews.in | PUNPUN/2024/86289 | President:-Shailzadwivedi | Email:info@hsnnews.in

Vol.11 | July 2024 | Published in Punjab | Pages 8


## ਭਾਰਤ ਇਕ ਗ੍ਰਾਮ ਵੀ ਨਸ਼ੀਲਾ ਪਦਾਰਥ ਦੇਸ਼ 'ਚ ਨਹੀਂ ਆਉਣ ਦੇਵੇਗਾ : ਅਮਿਤ ਸ਼ਾਹ



ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀਰਵਾਰ ਨੂੰ ਕਿਹਾ ਕਿ ਭਾਰਤ ਇਕ ਗ੍ਰਾਮ ਵੀ ਨਸ਼ੀਲਾ ਪਦਾਰਥ ਦੇਸ਼ 'ਚ ਨਹੀਂ ਆਉਣ ਦੇਵੇਗਾ। ਸ਼ਾਹ ਨੇ ਨਸ਼ੀਲੇ ਪਦਾਰਥ ਵਿਰੋਧੀ ਏਜੰਸੀਆਂ ਨੂੰ ਸਪਲਾਈ ਚੇਨ ਨੂੰ ਵਿਗਾੜਨ ਲਈ 'ਸਖਤ' ਪਹੁੰਚ ਅਪਣਾਉਣ ਲਈ ਵੀ ਕਿਹਾ। ਉਹ ਰਾਸ਼ਟਰੀ ਰਾਜਧਾਨੀ 'ਚ ਐੱਨ.ਸੀ.ਓ.ਆਰ.ਡੀ. ਜਾਂ ਨਾਰਕੋ-ਕੋਆਰਡੀਨੇਸ਼ਨ ਸੈਂਟਰ ਦੀ 7ਵੀਂ ਸਿਖਰ-ਪੱਧਰੀ ਮੀਟਿੰਗ ਦੌਰਾਨ ਕੇਂਦਰੀ ਅਤੇ ਸੂਬਾਈ ਨਸ਼ਾ ਵਿਰੋਧੀ ਏਜੰਸੀਆਂ ਦੇ ਸੀਨੀਅਰ ਅਧਿਕਾਰੀਆਂ ਨੂੰ ਸੰਬੋਧਨ ਕਰ ਰਹੇ ਸਨ। ਸ਼ਾਹ ਨੇ ਐੱਮ.ਏ.ਐੱਨ.ਏ.ਐੱਸ. ਹੈਲਪਲਾਈਨ ਨੰਬਰ '1933' ਦੇ ਨਾਲ-ਨਾਲ ਇਕ ਈਮੇਲ ਆਈ.ਡੀ. ਵੀ ਲਾਂਚ ਕੀਤੀ। ਲੋਕ ਇਨ੍ਹਾਂ ਦੀ ਵਰਤੋਂ ਨਾਰਕੋਟਿਕਸ ਕੰਟਰੋਲ ਬਿਊਰੋ (ਐੱਨਸੀਬੀ) ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਬਾਰੇ ਜਾਣਕਾਰੀ ਦੇਣ ਲਈ ਕਰ ਸਕਦੇ ਹਨ। ਸ਼ਾਹ ਨੇ ਕਿਹਾ,''ਨਸ਼ੇ ਦਾ ਪੂਰਾ ਕਾਰੋਬਾਰ ਹੁਣ ਡਰੱਗ-ਅੱਤਵਾਦ ਨਾਲ ਜੁੜ ਗਿਆ ਹੈ ਅਤੇ ਇਸ ਤੋਂ ਹੋਣ ਵਾਲਾ ਪੈਸਾ ਦੇਸ਼ ਦੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ ਬਣ ਗਿਆ ਹੈ। ਸਾਰੀਆਂ ਏਜੰਸੀਆਂ ਦਾ ਉਦੇਸ਼ ਸਿਰਫ਼ ਨਸ਼ੇੜੀਆਂ ਨੂੰ ਫੜਨਾ ਹੀ ਨਹੀਂ ਹੋਣਾ ਚਾਹੀਦਾ, ਸਗੋਂ ਪੂਰੇ ਨੈੱਟਵਰਕ ਨੂੰ ਵੀ. ਦਾ ਵੀ ਪਰਦਾਫਾਸ਼ ਕਰਨਾ ਚਾਹੀਦਾ ਹੈ।" ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਇਕ ਗ੍ਰਾਮ ਵੀ ਨਸ਼ੀਲੇ ਪਦਾਰਥਾਂ ਨੂੰ ਭਾਰਤ 'ਚ ਦਾਖ਼ਲ ਨਹੀਂ ਹੋਣ ਦੇਵੇਗੀ ਅਤੇ ਨਾ ਹੀ ਅਸੀਂ ਭਾਰਤ ਦੀਆਂ ਸਰਹੱਦਾਂ ਦਾ ਇਸਤੇਮਾਲ ਕਿਸੇ ਵੀ ਤਰ੍ਹਾਂ ਨਾਲ ਨਸ਼ੀਲੇ ਪਦਾਰਥ ਤਸਕਰੀ ਲਈ ਹੋਣ ਦੇਣਗੇ।

ਉਨ੍ਹਾਂ ਨੇ ਇੱਥੇ ਵਿਗਿਆਨ ਭਵਨ ਵਿਖੇ ਮੀਟਿੰਗ ਦੌਰਾਨ ਕਿਹਾ,''ਨਸ਼ੀਲੇ ਪਦਾਰਥ ਦੀ ਸਪਲਾਈ ਲੜੀ ਪ੍ਰਤੀ ਸਖ਼ਤ ਪਹੁੰਚ, ਮੰਗ 'ਚ ਕਮੀ ਦੇ ਪ੍ਰਤੀ ਰਣਨੀਤਕ ਦ੍ਰਿਸ਼ਟੀਕੋਣ ਅਤੇ ਨੁਕਸਾਨ 'ਚ ਘਾਟ ਲਈ ਮਨੁੱਖੀ ਦ੍ਰਿਸ਼ਟੀਕੋਣ ਹੋਣਾ ਚਾਹੀਦਾ।'' ਸ਼ਾਹ ਨੇ ਕਿਹਾ ਕਿ ਜੇਕਰ ਕੋਈ ਨਸ਼ਾ ਜ਼ਮੀਨ, ਪਾਣੀ ਜਾਂ ਹਵਾਈ ਅੱਡੇ ਰਾਹੀਂ ਦੇਸ਼ 'ਚ ਆਉਂਦਾ ਹੈ ਤਾਂ ਉਸ ਦਾ ਪਤਾ ਲਗਾਇਆ ਜਾਣਾ ਚਾਹੀਦਾ ਹੈ ਅਤੇ ਆਖਰੀ ਬਿੰਦੂ ਤੱਕ ਜਾਂਚ ਕੀਤੀ ਜਾਣੀ ਚਾਹੀਦੀ ਹੈ ਕਿ ਜਿੱਥੋਂ ਉਸ ਦੀ ਤਸਕਰੀ ਕੀਤੀ ਗਈ ਹੈ। ਮੰਤਰੀ ਨੇ ਕਿਹਾ ਕਿ ਪਿਛਲੇ 5 ਸਾਲਾਂ 'ਚ ਨਰਿੰਦਰ ਮੋਦੀ ਸਰਕਾਰ ਨੇ ਨਸ਼ੀਲੇ ਪਦਾਰਥਾਂ ਵਿਰੋਧੀ ਲੜਾਈ ਨੂੰ ਪੂਰੀ ਸਰਕਾਰੀ ਪਹੁੰਚ ਅਤੇ ਢਾਂਚਾਗਤ, ਸੰਸਥਾਗਤ ਅਤੇ ਸੂਚਨਾਤਮਕ ਸੁਧਾਰਾਂ 'ਤੇ ਆਧਾਰਤ ਕੀਤਾ ਹੈ। ਸ਼ਾਹ ਨੇ ਕਿਹਾ ਕਿ ਪਹਿਲਾਂ ਏਜੰਸੀਆਂ ਦਾ ਮੰਤਰ 'ਜਾਣਨ ਦੀ ਜ਼ਰੂਰਤ' ਸੀ ਪਰ ਹੁਣ ਉਨ੍ਹਾਂ ਨੂੰ 'ਸ਼ੇਅਰ ਕਰਨ ਲਈ ਫਰਜ਼' ਦੀ ਕਾਰਜਸ਼ੀਲਤਾ ਵੱਲ ਵਧਣਾ ਚਾਹੀਦਾ ਹੈ ਅਤੇ ਸਾਰੀਆਂ ਏਜੰਸੀਆਂ ਨੂੰ ਇਸ ਮਹੱਤਵਪੂਰਨ ਤਬਦੀਲੀ ਨੂੰ ਅਪਣਾਉਣ ਦੀ ਜ਼ਰੂਰਤ ਹੈ। ਸਰਕਾਰ ਜਲਦੀ ਹੀ ਨਸ਼ਿਆਂ ਦੀ ਮੁੱਢਲੀ ਖੋਜ ਲਈ ਘੱਟ ਕੀਮਤ ਵਾਲੀਆਂ ਕਿੱਟਾਂ ਉਪਲੱਬਧ ਕਰਵਾਏਗੀ, ਜਿਸ ਨਾਲ ਸਾਰੀਆਂ ਏਜੰਸੀਆਂ ਦੁਆਰਾ ਕੇਸ ਦਰਜ ਕਰਨਾ ਬਹੁਤ ਸੌਖਾ ਹੋ ਜਾਵੇਗਾ।'' ਸ਼ਾਹ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ 2047 ਤੱਕ ਭਾਰਤ ਨੂੰ ਹਰ ਖੇਤਰ 'ਚ ਮੋਹਰੀ ਬਣਾਉਣ ਦਾ ਟੀਚਾ ਮਿੱਥਿਆ ਹੈ ਅਤੇ ਇਹ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੇ ਸ਼ਰਾਪ ਤੋਂ ਦੂਰ ਰੱਖ ਕੇ ਹੀ ਹਾਸਲ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਮੀਟਿੰਗ ਦੌਰਾਨ NCB ਦੀ 'ਸਲਾਨਾ ਰਿਪੋਰਟ 2023' ਅਤੇ 'ਨਸ਼ਾ ਮੁਕਤ ਭਾਰਤ' ਬਾਰੇ ਇਕ ਸੰਗ੍ਰਹਿ ਵੀ ਜਾਰੀ ਕੀਤਾ।

## ਮਜ਼ਦੂਰਾਂ ਦੀ ਮਜ਼ਦੂਰੀ ’ਚ ਗਿਰਾਵਟ, ਹੁਣ ਘੱਟੋ-ਘੱਟ ਹੋਵੇ 400 ਰੁਪਏ : ਕਾਂਗਰਸ



ਕਾਂਗਰਸ ਨੇ ਵੀਰਵਾਰ ਨੂੰ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ’ਚ ਘੱਟ ਤਨਖ਼ਾਹ ਵਾਧਾ ਅਤੇ ਲੱਕ ਤੋੜ ਮਹਿੰਗਾਈ ਕਾਰਨ ਮਜ਼ਦੂਰਾਂ ਦੀ ਅਸਲ ਮਜ਼ਦੂਰੀ ਵਿਚ ਗਿਰਾਵਟ ਆਈ ਹੈ ਅਤੇ ਇਸ ਲਈ ਹੁਣ ਘੱਟੋ-ਘੱਟ ਮਜ਼ਦੂਰੀ 400 ਰੁਪਏ ਪ੍ਰਤੀ ਦਿਨ ਕਰਨ ਦੀ ਲੋੜ ਹੈ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕੁਝ ਸਰਕਾਰੀ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਇਹ ਵੀ ਦਾਅਵਾ ਕੀਤਾ ਕਿ ਅੱਜ ਵਰਕਰਾਂ ਦੀ ਖਰੀਦ ਸਮਰੱਥਾ 10 ਸਾਲ ਪਹਿਲਾਂ ਦੇ ਮੁਕਾਬਲੇ ਘੱਟ ਹੈ। ਰਮੇਸ਼ ਨੇ ਇਕ ਬਿਆਨ ਵਿਚ ਕਿਹਾ ਕਿ ਮੋਦੀ ਸਰਕਾਰ ਵਲੋਂ ਜਾਰੀ ਕੀਤੇ ਗਏ ਅਧਿਕਾਰਤ ਅੰਕੜਿਆਂ ਸਮੇਤ ਡਾਟਾ ਦੇ ਕਈ ਸਰੋਤਾਂ ਵਿਚ ਇਕ ਤੱਥ ਸਾਹਮਣੇ ਆ ਰਿਹਾ ਹੈ ਕਿ ਅੱਜ ਮਜ਼ਦੂਰਾਂ ਦੀ ਖਰੀਦ ਸਮਰੱਥਾ 10 ਸਾਲ ਪਹਿਲਾਂ ਦੇ ਮੁਕਾਬਲੇ ਘੱਟ ਹੈ। ਘੱਟ ਤਨਖਾਹ ਵਾਧੇ ਅਤੇ ਲੱਕ ਤੋੜ ਮਹਿੰਗਾਈ ਕਾਰਨ ਅਸਲ ਮਜ਼ਦੂਰੀ ਵਿਚ ਵਿਲੱਖਣ ਗਿਰਾਵਟ ਆਈ ਹੈ। ਉਨ੍ਹਾਂ ਨੇ ਕਿਹਾ ਕਿ ਲੇਬਰ ਬਿਊਰੋ ਦੀ ਤਨਖਾਹ ਦਰ ਇੰਡੈਕਸ (ਸਰਕਾਰੀ ਡਾਟਾ) ਮੁਤਾਬਕ, 2014 ਤੇ 2023 ਵਿਚਾਲੇ ਮਜ਼ਦੂਰਾਂ ਦੀ ਅਸਲ ਮਜ਼ਦੂਰੀ ਸਥਿਰ ਹੋ ਗਈ ਹੈ ਅਤੇ 2019 ਤੋਂ 24 ਵਿਚਾਲੇ ਤਾਂ ਘੱਟ ਵੀ ਹੋ ਗਈ ਹੈ। ਰਮੇਸ਼ ਨੇ ਦਾਅਵਾ ਕੀਤਾ ਕਿ ਖੇਤੀਬਾੜੀ ਮੰਤਰਾਲਾ ਦੇ ‘ਐਗਰੀਕਲਚਰ ਸਟੈਟਿਸਟਿਕਸ ਐਟ ਏ ਗਲੇਂਸ’ (ਸਰਕਾਰੀ ਅੰਕੜਿਆਂ) ਮੁਤਾਬਕ ਡਾ. ਮਨਮੋਹਨ ਸਿੰਘ ਦੇ ਕਾਰਜਕਾਲ ਦੌਰਾਨ ਖੇਤੀ ਮਜ਼ਦੂਰਾਂ ਦੀ ਅਸਲ ਮਜ਼ਦੂਰੀ ਹਰ ਸਾਲ 6.8 ਫੀਸਦੀ ਦੀ ਦਰ ਨਾਲ ਵਧੀ, ਜਦੋਂ ਕਿ ਪ੍ਰਧਾਨ ਮੰਤਰੀ ਮੋਦੀ ਦੇ ਕਾਰਜਕਾਲ ’ਚ ਅਸਲ ਮਜ਼ਦੂਰੀ ’ਚ ਹਰ ਸਾਲ 1.3 ਫੀਸਦੀ ਦੀ ਗਿਰਾਵਟ ਆਈ ਹੈ।

## ATS ਨੇ ਕੀਤਾ ਡਰੱਗਜ਼ ਫੈਕਟਰੀ ਦਾ ਪਰਦਾਫਾਸ਼, 51 ਕਰੋੜ ਰੁਪਏ ਦਾ ਮੈਫੇਡ੍ਰੋਨ ਜ਼ਬਤ



ਗੁਜਰਾਤ ਵਿਚ ਸੂਰਤ ਜ਼ਿਲੇ ਦੇ ਪਲਸਾਣਾ ਤਾਲੁਕਾ ਦੇ ਇਕ ਪਿੰਡ ਵਿਚ ਐਂਟੀ ਟੈਰੋਰਿਸਟ ਸਕੁਐਡ (ਏ. ਟੀ. ਐੱਸ.) ਦੀ ਟੀਮ ਨੇ ਗੈਰ-ਕਾਨੂੰਨੀ ਮੈਫੇਡ੍ਰੋਨ ਡਰੱਗ ਬਣਾਉਣ ਵਾਲੀ ਫੈਕਟਰੀ ਦਾ ਪਰਦਾਫਾਸ਼ ਕੀਤਾ ਅਤੇ 51 ਕਰੋੜ ਰੁਪਏ ਤੋਂ ਵੱਧ ਦੀ ਨਸ਼ੀਲੀ ਦਵਾਈ ਮੈਫੇਡ੍ਰੋਨ ਜ਼ਬਤ ਕਰ ਕੇ 2 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਏ. ਟੀ. ਐੱਸ. ਦੇ ਸੂਤਰਾਂ ਨੇ ਵੀਰਵਾਰ ਨੂੰ ਦੱਸਿਆ ਕਿ ਸੂਚਨਾ ਦੇ ਆਧਾਰ ’ਤੇ ਗੁਜਰਾਤ ਏ. ਟੀ. ਐੱਸ., ਸੂਰਤ ਅਤੇ ਵਲਸਾਡ ਐੱਸ. ਓ. ਜੀ. ਦੀ ਟੀਮ ਨੇ ਪਲਸਾਨਾ ਤਾਲੁਕਾ ਦੇ ਕਾਰੇਲੀ ਪਿੰਡ ਵਿਚ ਦਰਸ਼ਨ ਇੰਡਸਟ੍ਰੀਅਲ ਅਸਟੇਟ ਵਿਚ ਇਕ ਵੱਡੇ ਟੀਨ ਸ਼ੈੱਡ ’ਤੇ ਛਾਪਾ ਮਾਰਿਆ ਅਤੇ ਇਕ ਨਸ਼ੀਲੇ ਪਦਾਰਥਾਂ ਦੇ ਨਿਰਮਾਣ ਯੂਨਿਟ/ਫੈਕਟਰੀ ਦਾ ਪਰਦਾਫਾਸ਼ ਕੀਤਾ। ਇਸ ਦੌਰਾਨ ਮੌਕੇ ਤੋਂ 4 ਕਿਲੋਗ੍ਰਾਮ ਮੈਫੇਡ੍ਰੋਨ ਅਤੇ 31.409 ਕਿਲੋਗ੍ਰਾਮ ਤਰਲ ਮੈਫੇਡ੍ਰੋਨ ਜ਼ਬਤ ਕਰ ਲਿਆ ਗਿਆ, ਜਿਸਦੀ ਕੁਲ ਕੀਮਤ ਲੱਗਭਗ 51,409 ਕਰੋੜ ਰੁਪਏ ਲਗਾਈ ਜਾ ਰਹੀ ਹੈ। ਇਸ ਸਿਲਸਿਲੇ ਵਿਚ 2 ਲੋਕਾਂ ਵੀ ਫੜ ਲਿਆ ਗਿਆ ਹੈ। ਫੜੇ ਗਏ ਲੋਕਾਂ ਦੀ ਪਛਾਣ ਸੁਨੀਲ ਰਾ. ਯਾਦਵ (28) ਵਾਸੀ 502, ਬੀ-2, ਵਿੰਗ, ਦੇਵ ਤਪੋਵਨ, ਵਾਪੀ ਅਤੇ ਵਿਜੇਭਾਈ ਜੇ. ਗਜੇਰਾ (38) ਨਿਵਾਸੀ ਬੀ/301, ਹਰੀਵਿਲਾ ਰੈਜ਼ੀਡੈਂਸੀ, ਸਾਵਲੀਆ ਸਰਕਲ, ਯੋਗੀ ਚੌਕ, ਵਰਾਛਾ, ਸੂਰਤ ਵਜੋਂ ਕੀਤੀ ਗਈ

## ਆਂਗਣਵਾੜੀ ਕੇਂਦਰ 'ਚ ਭੋਜਨ 'ਚ ਮਿਲੀ ਕਿਰਲੀ, 20 ਮਾਸੂਮ ਬੀਮਾਰ



ਇਕ ਆਂਗਣਵਾੜੀ ਕੇਂਦਰ 'ਚ ਵੀਰਵਾਰ ਨੂੰ ਖਾਣੇ 'ਚ ਕਿਰਲੀ ਮਿਲਣ ਦਾ ਮਾਮਲਾ ਸਾਹਮਣੇ ਆਇਆ। ਖਾਣਾ ਖਾਣ ਤੋਂ ਬਾਅਦ 20 ਬੱਚੇ ਬੀਮਾਰ ਪੈ ਗਏ। ਇਹ ਮਾਮਲਾ ਬਿਹਾਰ ਦੇ ਨਾਲੰਦਾ ਜ਼ਿਲ੍ਹੇ ਦੇ ਰਹੁਈ ਥਾਣਾ ਖੇਤਰ ਦੇ ਸ਼ੇਖਪੁਰਾ ਸਥਿਤ ਆਂਗਣਵਾੜੀ ਕੇਂਦਰ ਦਾ ਹੈ। ਪਰਿਵਾਰ ਵਾਲਿਆਂ ਨੇ ਦੱਸਿਆ ਕਿ ਆਂਗਣਵਾੜੀ ਕੇਂਦਰ ਦੇਕਪੂਰਾ 'ਚ ਛੋਟੇ ਬੱਚਿਆਂ ਨੂੰ ਪੜ੍ਹਨ ਤੋਂ ਬਾਅਦ ਦੁਪਹਿਰ ਦਾ ਭੋਜਨ ਪਰੋਸਿਆ ਗਿਆ ਸੀ। ਬੱਚਿਆਂ ਨੇ ਖਾਣ ਤੋਂ ਬਾਅਦ ਉਲਟੀ ਕਰਨੀ ਸ਼ੁਰੂ ਕਰ ਦਿੱਤੀ। ਇੰਨੇ 'ਚ ਇਕ ਬੱਚੇ ਦੀ ਥਾਲੀ 'ਚ ਮਰੀ ਹੋਈ ਕਿਰਲੀ ਮਿਲੀ। ਇਸ ਘਟਨਾ ਤੋਂ ਬਾਅਦ ਬੱਚੇ ਡਰ ਗਏ ਅਤੇ ਉਨ੍ਹਾਂ ਨੇ ਆਪਣੇ ਪਰਿਵਾਰ ਵਾਲਿਆਂ ਨੂੰ ਇਸ ਦੀ ਸੂਚਨਾ ਦਿੱਤੀ। ਸਿਹਤ ਕੇਂਦਰ ਰਹੁਈ 'ਚ ਮੌਜੂਦ ਇਕ ਡਾਕਟਰ ਨੇ ਦੱਸਿਆ ਕਿ ਸਾਰੇ ਬੱਚੇ ਹੁਣ ਖ਼ਤਰੇ ਤੋਂ ਬਾਹਰ ਹਨ ਅਤੇ ਉਨ੍ਹਾਂ ਦੀ ਸਥਿਤੀ ਠੀਕ ਹੈ। ਫਿਲਾਹਲ ਇਲਾਜ ਲਈ ਬੱਚਿਆਂ ਨੂੰ ਇੱਥੇ ਰੱਖਿਆ ਜਾਵੇਗਾ। ਦੱਸਣਯੋਗ ਹੈ ਕਿ ਇਹ ਖ਼ਬਰ ਸੁਣਦੇ ਹੀ ਸਥਾਨਕ ਲੋਕਾਂ 'ਚ ਗੁੱਸੇ ਦੀ ਲਹਿਰ ਫੈਲ ਗਈ। ਗੁੱਸੇ 'ਚ ਪਰਿਵਾਰ ਵਾਲੇ ਆਂਗਣਵਾੜੀ ਕੇਂਦਰ ਪਹੁੰਚੇ ਅਤੇ ਉੱਥੇ ਮੌਜੂਦ ਰਸੋਈਏ ਅਤੇ ਹੋਰ ਕਰਮੀਆਂ ਨੂੰ ਬੰਧਕ ਬਣਾ ਲਿਆ। ਸਥਿਤੀ ਨੂੰ ਕੰਟਰੋਲ ਕਰਨ ਲਈ ਪੁਲਸ ਨੂੰ ਸੂਚਨਾ ਦਿੱਤੀ ਗਈ, ਜਿਸ ਤੋਂ ਬਾਅਦ ਪੁਲਸ ਟੀਮ ਨੇ ਮੌਕੇ 'ਤੇ ਪਹੁੰਚ ਕੇ ਸਥਿਤੀ ਨੂੰ ਸੰਭਾਲਿਆ।

## ਸਿਰਫ਼ 10 ਮਿੰਟ 'ਚ ATM ਮਸ਼ੀਨ ਨੂੰ ਪੁੱਟ ਕੇ ਲੈ ਗਏ ਬਦਮਾਸ਼



ਸ਼ਹਿਰ ਦੇ ਜੈਪੁਰ ਮੈਗਾ ਹਾਈਵੇਅ ’ਤੇ ਸਟੈਂਡ ਬੈਂਕ ਦੇ ਸਾਹਮਣੇ ਦੀ ਲਾਈਨ ’ਚ ਸਥਿਤ ਕੇਨਰਾ ਬੈਂਕ ਸ਼ਾਖਾ ਦੇ ਬਾਹਰ ਲੱਗੇ ਏ. ਟੀ. ਐੱਮ. ਨੂੰ ਬੁੱਧਵਾਰ ਦੇਰ ਰਾਤ ਕਾਲੇ ਰੰਗ ਦੀ ਬਿਨਾਂ ਨੰਬਰ ਵਾਲੀ ਸਕਾਰਪੀਓ ’ਚ ਆਏ ਅੱਧੀ ਦਰਜਨ ਬਦਮਾਸ਼ ਸਿਰਫ 10 ਮਿੰਟਾਂ ’ਚ ਹੀ ਪੁੱਟ ਲੈ ਗਏ। ਸੂਚਨਾ ਮਿਲਣ ’ਤੇ ਪੁਲਸ ਮੌਕੇ ’ਤੇ ਪਹੁੰਚ ਗਈ। ਥਾਣਾ ਇੰਚਾਰਜ ਵੇਦਪਾਲ ਸ਼ਿਓਰਾਣ ਨੇ ਦੱਸਿਆ ਕਿ ਬਦਮਾਸ਼ਾਂ ਨੂੰ ਫੜਨ ਲਈ ਤੁਰੰਤ ਨਾਕਾਬੰਦੀ ਕਰ ਦਿੱਤੀ ਗਈ ਹੈ। ਨੇੜਲੇ ਥਾਣਿਆਂ ਦੀ ਪੁਲਸ ਨੂੰ ਵੀ ਚੌਕਸ ਕਰ ਦਿੱਤਾ ਗਿਆ ਹੈ। ਇਸ ਦੌਰਾਨ ਪੁਲਸ ਦੀ ਇਕ ਟੀਮ ਨੂੰ ਸੀ. ਸੀ. ਟੀ. ਵੀ. ਫੁਟੇਜ ਦੀ ਜਾਂਚ ਲਈ ਲਗਾਇਆ ਗਿਆ ਹੈ। ਘਟਨਾ ਸਥਾਨ ’ਤੇ ਕੇਨਰਾ ਬੈਂਕ ਦੇ ਮੈਨੇਜਰ ਨੂੰ ਸੱਦ ਲਿਆ ਗਿਆ। ਬੈਂਕ ਅਧਿਕਾਰੀ ਨੇ ਦੱਸਿਆ ਕਿ ਏ. ਟੀ. ਐੱਮ. ਵਿਚ ਲੱਗਭਗ 16 ਲੱਖ ਦਾ ਕੈਸ਼ ਸੀ। ਪੁਲਸ ਮੁਤਾਬਕ ਕੇਨਰਾ ਬੈਂਕ ਅਤੇ ਉਸ ਦੇ ਨੇੜੇ-ਤੇੜੇ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਵਿਚ ਲੱਗਭਗ 2.45 ਵਜੇ ਸਕਾਰਪੀਓ ਗੱਡੀ ਵਿਚ ਆਏ ਬਦਮਾਸ਼ ਕੈਬਿਨ ਵਿਚ ਦਾਖਲ ਹੁੰਦੇ ਦਿਖਾਈ ਦੇ ਰਹੇ ਹਨ। ਬਦਮਾਸ਼ਾਂ ਨੇ ਏ. ਟੀ. ਐੱਮ. ਦੇ ਅੰਦਰ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ’ਤੇ ਕਾਲੇ ਰੰਗ ਦਾ ਸਪ੍ਰੇ ਮਾਰ ਦਿੱਤਾ। ਬਦਮਾਸ਼ਾਂ ਨੇ ਏ. ਟੀ. ਐੱਮ. ਮਸ਼ੀਨ ਨੂੰ ਸਕਾਰਪੀਓ ਗੱਡੀ ਨਾਲ ਖਿੱਚ ਦੇ ਪੁੱਟਿਆ।

# ਚੱਲਦੀਆਂ ਰੇਲ ਗੱਡੀਆਂ 'ਤੇ ਪੱਥਰ ਮਾਰੇ ਜਾਣ ਦੇ ਮਾਮਲੇ 'ਚ ਵੱਡਾ ਖ਼ੁਲਾਸਾ



ਸ਼ੌਕ ਤੇ ਮਨੋਰੰਜਨ ਲਈ ਸ਼ਤਾਬਦੀ ਰੇਲ ’ਤੇ ਬੱਚੇ ਪੱਥਰ ਮਾਰਦੇ ਹਨ। ਇਹ ਖ਼ੁਲਾਸਾ ਆਰ. ਪੀ. ਐੱਫ. ਵੱਲੋਂ ਪੱਥਰਬਾਜ਼ਾਂ ’ਤੇ ਨਕੇਲ ਕਸਣ ਲਈ ਲਗਾਈ ਫੋਰਸ ਵਲੋਂ ਫੜੇ ਗਏ ਮੁਲਜ਼ਮਾਂ ਤੋਂ ਹੋਇਆ ਹੈ। ਇਨ੍ਹਾਂ ’ਚ ਜ਼ਿਆਦਾਤਰ ਨਾਬਾਲਗ ਹਨ। ਕਾਊਂਸਲਿੰਗ ’ਚ ਬੱਚੇ ਦੱਸਦੇ ਹਨ ਕਿ ਦੋਸਤਾਂ ਨਾਲ ਸ਼ੌਕ ਅਤੇ ਮਨੋਰੰਜਨ ਲਈ ਸ਼ਤਾਬਦੀ ’ਤੇ ਪੱਥਰ ਮਾਰਦੇ ਸਨ। ਉਨ੍ਹਾਂ ਦਾ ਇਹ ਅਪਰਾਧ ਛੋਟਾ ਨਹੀਂ ਹੈ ਪਰ ਨਾਬਾਲਗ ਹੋਣ ਕਾਰਨ ਉਨ੍ਹਾਂ ਨੂੰ ਬਾਲ ਸੁਧਾਰ ਘਰ ਭੇਜਿਆ ਜਾਂਦਾ ਹੈ। ਇੰਨਾ ਹੀ ਨਹੀਂ, ਵੱਡੀ ਉਮਰ ਦੇ ਬੱਚਿਆਂ ਨੂੰ ਉਨ੍ਹਾਂ ਦੇ ਮਾਪਿਆਂ ਹਵਾਲੇ ਕਰ ਦਿੱਤਾ ਜਾਂਦਾ ਹੈ। ਮਾਪਿਆਂ ਨੂੰ ਬੱਚੇ ਪੜ੍ਹਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਹਾਲਾਂਕਿ ਆਰ.ਪੀ.ਐੱਫ. ਪੱਥਰਬਾਜ਼ਾਂ ਨੂੰ ਰੋਕਣ ਲਈ ਕਈ ਉਪਰਾਲੇ ਕਰ ਰਹੀ ਹੈ। ਸਿਵਲ ਡਰੈੱਸ ’ਚ ਵੀ ਪੁਲਸ ਮੁਲਾਜ਼ਮ ਤਾਇਨਾਤ ਕੀਤੇ ਗਏ ਹਨ। ਆਰ.ਪੀ.ਐੱਫ. ਨੇ ਇਕ ਮਹੀਨੇ ਦੇ ਅੰਦਰ 25 ਦੇ ਕਰੀਬ ਪੱਥਰਬਾਜ਼ਾਂ ਨੂੰ ਫੜ੍ਹਿਆ ਹੈ, ਜਿਨ੍ਹਾਂ ’ਚ ਨਾਬਾਲਗਾਂ ਦੀ ਗਿਣਤੀ ਸਭ ਤੋਂ ਵੱਧ ਹੈ।

### ਸਮਝਾ ਰਹੀ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ

ਸੂਤਰਾਂ ਅਨੁਸਾਰ ਮੁਲਜ਼ਮਾਂ ’ਚ 15 ਬੱਚਿਆਂ ਦੀ ਉਮਰ 10 ਤੋਂ 15 ਸਾਲ ਦਰਮਿਆਨ ਹੈ। ਆਰ.ਪੀ.ਐੱਫ. ਬੱਚਿਆਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੀ ਹੈ ਤਾਂ ਜੋ ਪੱਥਰਬਾਜ਼ੀ ਦੀਆਂ ਘਟਨਾਵਾਂ ਨੂੰ ਜੜ੍ਹੋਂ ਖਤਮ ਕੀਤਾ ਜਾ ਸਕੇ। ਸ਼ਤਾਬਦੀ ਤੇ ਹੋਰ ਰੇਲਾਂ ’ਤੇ ਪਥਰਾਅ ਕਰਨ ਵਾਲੇ ਬੱਚਿਆਂ ਦੀ ਕਾਊਂਸਲਿੰਗ ਦੀ ਜ਼ਿੰਮੇਵਾਰੀ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਨੂੰ ਦਿੱਤੀ ਗਈ ਹੈ। ਇਸ ਦੇ ਦੋ ਮੈਂਬਰ ਚੰਡੀਗੜ੍ਹ ਰੇਲਵੇ ਸਟੇਸ਼ਨ ’ਤੇ ਕਾਊਂਸਲਿੰਗ ਕਰਦੇ ਹਨ। ਇਹ ਯੂਨਿਟ ਸਿਰਫ਼ ਰੇਲਾਂ ’ਤੇ ਵੱਟੇ ਸੁੱਟਣ ਵਾਲੇ ਬੱਚਿਆਂ ’ਤੇ ਹੀ ਨਹੀਂ ਸਗੋਂ ਉਨ੍ਹਾਂ ਦਾ ਵੀ ਧਿਆਨ ਰੱਖਦੀ ਹੈ ਜੋ ਘਰੋਂ ਭੱਜ ਕੇ ਆ ਜਾਂਦੇ ਹਨ।

### ਆਰ.ਪੀ.ਐੱਫ. ਨੇ ਥਾਵਾਂ ਦੀ ਕੀਤੀ ਚੋਣ

ਆਰ.ਪੀ.ਐੱਫ. ਨੇ ਵੰਦੇ ਭਾਰਤ ਤੇ ਸ਼ਤਾਬਦੀ ਰੇਲਾਂ ’ਤੇ ਸਭ ਤੋਂ ਵੱਧ ਪੱਥਰ ਸੁੱਟਣ ਵਾਲੀਆਂ ਥਾਵਾਂ ਦੀ ਚੋਣ ਕੀਤੀ ਹੈ। ਇਨ੍ਹਾਂ ’ਚੋਂ ਚੰਡੀਗੜ੍ਹ-ਘੱਗਰ, ਚੰਡੀਗੜ੍ਹ-ਚੰਡੀਮੰਦਰ, ਫੈਦਾ ਪਿੰਡ, ਖਰੜ ਤੇ ਮੋਹਾਲੀ ਵਿਚਕਾਰ ਘਟਨਾਵਾਂ ਜ਼ਿਆਦਾ ਹੁੰਦੀਆਂ ਹਨ। ਇਸ ਸਬੰਧੀ ਆਰ. ਪੀ. ਐੱਫ. ਨੇ ਫਾਟਕ ’ਤੇ ਬਣੇ ਕਮਰਿਆਂ ’ਚ 25 ਜਵਾਨ ਤਾਇਨਾਤ ਕੀਤੇ ਹਨ ਜੋ ਪੱਥਰ ਸੁਟੱਣ ਵਾਲਿਆਂ ਨੂੰ ਫੜ੍ਹਦੇ ਹਨ। ਵੰਦੇ ਭਾਰਤ ਤੇ ਸ਼ਤਾਬਦੀ ’ਤੇ ਪਥਰਾਅ ਰੋਕਣ ਲਈ ਆਰ.ਪੀ.ਐੱਫ. ਮੁਸਤੈਦੀ ਨਾਲ ਕੰਮ ਕਰ ਰਹੀ ਹੈ। ਬੱਚਿਆਂ ਦੀ ਕਾਊਂਸਲਿੰਗ ਵੀ ਕੀਤੀ ਜਾ ਰਹੀ ਹੈ ਤਾਂ ਜੋ ਉਹ ਭਵਿੱਖ ’ਚ ਇਸ ਤਰ੍ਹਾਂ ਦੀ ਹਰਕਤ ਨਾ ਕਰਨ।

# ਕੈਬਨਿਟ ਮੰਤਰੀ ਕੁਲਦੀਪ ਧਾਲੀਵਾਲ ਨੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਕੀਤੀ ਮੁਲਾਕਾਤ



ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੁਲਾਕਾਤ ਕੀਤੀ ਅਤੇ ਸੂਬਾ ਸਰਕਾਰ ਵੱਲੋਂ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਲਈ ਚੁੱਕੇ ਜਾ ਰਹੇ ਕਦਮਾਂ ਨੂੰ ਲੈ ਕੇ ਵਿਚਾਰ-ਵਟਾਂਦਰਾ ਕੀਤਾ। ਮੁੱਖ ਮੰਤਰੀ ਭਗਵੰਤ ਮਾਨ ਨੇ ਉਨ੍ਹਾਂ ਨੂੰ ਕਿਹਾ ਕਿ ਸਰਕਾਰੀ ਕੰਮਕਾਜ ’ਚ ਹੁਣ ਹੋਰ ਤੇਜ਼ੀ ਲਿਆਂਦੀ ਜਾਣੀ ਚਾਹੀਦੀ ਹੈ ਅਤੇ ਆਮ ਆਦਮੀ ਪਾਰਟੀ ਨੇ ਜੋ ਟੀਚੇ ਤੈਅ ਕੀਤੇ ਹਨ, ਉਨ੍ਹਾਂ ਨੂੰ ਹਾਸਲ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ‘ਆਪ’ ਸਰਕਾਰ ਦੀਆਂ ਉਪਲਬਧੀਆਂ ਨੂੰ ਆਮ ਜਨਤਾ ਤੱਕ ਪਹੁੰਚਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਸਮੇਂ ਲੋੜ ਇਸ ਗੱਲ ਦੀ ਹੈ ਕਿ ਸਰਕਾਰ ਨੇ ਜੋ ਕ੍ਰਾਂਤੀਕਾਰੀ ਫ਼ੈਸਲੇ ਪਿਛਲੇ ਕੁਝ ਸਮੇਂ ਦੌਰਾਨ ਲਏ ਹਨ, ਜਿਨ੍ਹਾਂ ’ਚ ਲੋਕਾਂ ਨੂੰ ਮੁਫਤ ਬਿਜਲੀ ਦੀ ਸਹੂਲਤ ਦੇਣਾ, ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਚਲਾਉਣਾ ਅਤੇ ਬੇਰੋਜ਼ਗਾਰ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇਣਾ ਆਦਿ ਸ਼ਾਮਲ ਹਨ, ਨੂੰ ਆਮ ਜਨਤਾ ਤੱਕ ਪਹੁੰਚਾਇਆ ਜਾਵੇ, ਕਿਉਂਕਿ ਜੋ ਕੰਮ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪਿਛਲੇ ਕੁਝ ਸਮੇਂ ਦੌਰਾਨ ਕੀਤੇ ਹਨ, ਉਹ ਕੋਈ ਵੀ ਹੋਰ ਸਰਕਾਰ ਨਹੀਂ ਕਰ ਸਕੀ ਹੈ। ਮੰਤਰੀ ਨੇ ਕਿਹਾ ਕਿ ਇਸ ਸਮੇਂ ਮਜ਼ਬੂਤੀ ਦੇ ਨਾਲ ਕੰਮ ਕਰਨ ਦੀ ਲੋੜ ਹੈ ਅਤੇ ਨਾਲ ਹੀ ਸਰਕਾਰ ਵੱਲੋਂ ਆਉਣ ਵਲੇ ਸਮੇਂ ’ਚ ਲਏ ਜਾਣ ਵਾਲੇ ਹੋਰ ਫ਼ੈਸਲਿਆਂ ’ਤੇ ਵੀ ਉਨ੍ਹਾਂ ਨੇ ਚਰਚਾ ਕੀਤੀ। ਕੈਬਨਿਟ ਮੰਤਰੀ ਕੁਲਦੀਪ ਧਾਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ’ਚ ਸਰਕਾਰ ਨੇ ਪਿਛਲੇ ਸਮੇਂ ’ਚ ਜੋ ਵੱਡੇ ਫੈਸਲੇ ਕੀਤੇ ਹਨ, ਉਸ ਦੀ ਤੁਲਨਾ ਕੋਈ ਵੀ ਪਹਿਲੀ ਸਰਕਾਰ ਆਪਣੇ ਨਾਲ ਨਹੀਂ ਕਰ ਸਕਦੀ।



# ਸ੍ਰੀ ਹਰਿਮੰਦਰ ਸਾਹਿਬ ਦੇ 2 ਨਵੇਂ ਗ੍ਰੰਥੀ ਸਿੰਘਾਂ ਨੂੰ ਅਹੁਦਾ ਸੰਭਾਲਣ ਤੋਂ ਬਾਅਦ SGPC ਪ੍ਰਧਾਨ ਧਾਮੀ ਦੀ ਨਸੀਹਤ

ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਬੀਤੇ ਦਿਨੀਂ ਦੋ ਨਵੇਂ ਗ੍ਰੰਥੀ ਸਿੰਘਾਂ ਦੀ ਨਿਯੁਕਤੀ ਹੋਈ ਹੈ, ਜਿਸ ’ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਗ੍ਰੰਥੀ ਸਿੰਘਾਂ ਅਤੇ ਕੀਰਤਨੀ ਜਥਿਆਂ ਨੂੰ ਸਲਾਹ ਦਿੱਤੀ ਕਿ ਪਹਿਲਾਂ ਤਾਂ ਹਰ ਕੋਈ ਇਸ ਸੇਵਾ ਲਈ ਤਰਸਦਾ ਹੈ ਪਰ ਬਾਅਦ ਵਿਚ ਵਿਦੇਸ਼ ਜਾਣ ਨੂੰ ਤਰਜ਼ੀਹ ਦਿੰਦਾ ਹੈ।ਧਾਮੀ ਨੇ ਨਵੇਂ ਗ੍ਰੰਥੀ ਸਿੰਘਾਂ ਨੂੰ ਨਸੀਹਤ ਦਿੰਦਿਆਂ ਕਿਹਾ ਕਿ ਉਹ ਘੱਟੋ-ਘੱਟ 6 ਮਹੀਨੇ ਵਿਦੇਸ਼ ਜਾਣ ਬਾਰੇ ਨਾ ਸੋਚਣ।ਉਨ੍ਹਾਂ ਕਿਹਾ ਕਿ ਗੁਰੂ ਘਰ ਦੀ ਸੇਵਾ ਕਰ ਕੇ ਜੋ ਆਨੰਦ ਪ੍ਰਾਪਤ ਹੁੰਦਾ ਹੈ, ਉਹ ਵਿਦੇਸ਼ਾਂ ਦੀ ਧਰਤੀ ’ਤੇ ਜਾ ਕੇ ਨਹੀਂ ਮਿਲਦਾ ਹੈ।

# ਹਾਲੇ ਵੀ ਜਾਰੀ ਹੈ ਮਾਨਸੂਨ ਦੀ ਝੜੀ ਦੀ ਉਡੀਕ, ਪਿਛਲੇ 18 ਦਿਨਾਂ ਵਿਚ ਹੁਣ ਤੱਕ 180 ਐੱਮ.ਐੱਮ. ਹੀ ਪਿਆ ਮੀਂਹ



ਮੌਸਮ ਵਿਭਾਗ ਰੋਜ਼ਾਨਾ ਮੀਂਹ ਦੀ ਸੰਭਾਵਨਾ ਜਤਾਉਂਦਾ ਹੈ, ਪਰ ਬਾਰਿਸ਼ ਹਾਲੇ ਤੱਕ ਆਮ ਦਾ ਅੰਕੜਾ ਵੀ ਨਹੀਂ ਛੂਹ ਪਾਈ ਹੈ। ਸ਼ਹਿਰ ਦੇ ਕੁਝ ਹਿੱਸਿਆਂ ਵਿਚ ਮੀਂਹ ਪੈ ਰਿਹਾ ਹੈ ਕੁਝ ਸੁੱਕੇ ਪਏ ਹਨ। ਜੁਲਾਈ ਅੱਧਾ ਬੀਤ ਗਿਆ ਹੈ, ਪਰ ਹਾਲੇ ਤੱਕ ਆਮ ਨਾਲੋਂ 41.2 ਫੀਸਦੀ ਮੀਂਹ ਘੱਟ ਰਿਹਾ ਹੈ। ਮੌਸਮ ਕੇਂਦਰ ਦੇ ਮੁਤਾਬਕ ਮਾਨਸੂਨ ਕਮਜ਼ੋਰ ਨਹੀਂ ਹੈ, ਪਰ ਹਾਲੇ ਤੱਕ ਸ਼ਹਿਰ ਨੂੰ ਚੰਗੇ ਮੀਂਹ ਦੀ ਉਡੀਕ ਹੈ, ਜੋ ਹਾਲੇ ਤੱਕ ਨਹੀਂ ਹੋਈ ਹੈ।
ਪੰਜ ਸਾਲਾਂ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਪਤਾ ਚੱਲਦਾ ਹੈ ਕਿ ਜੁਲਾਈ ਮਹੀਨੇ ਵਿਚ ਔਸਤਨ ਮੀਂਹ 300 ਮਿ.ਮੀ ਤੱਕ ਪਹੁੰਚ ਜਾਂਦਾ ਹੈ ਜਦੋਂਕਿ ਪਹਿਲੀ ਜੂਨ ਤੋਂ ਹੁਣ ਤੱਕ 180 ਮਿ.ਮੀ ਮੀਂਹ ਪੈ ਚੁੱਕਿਆ ਹੈ। 18 ਦਿਨਾਂ 'ਚ ਸਿਰਫ਼ ਦੋ ਵਾਰ ਹੀ ਚੰਗਾ ਮੀਂਹ ਦਰਜ ਕੀਤਾ ਗਿਆ ਹੈ, ਜਿਸ 'ਚ 3 ਜੁਲਾਈ ਨੂੰ 64.5 ਮੀਂਹ, ਜਦਕਿ 16 ਜੁਲਾਈ ਨੂੰ 41 ਮਿ.ਮੀ. ਮੀਂਹ ਪਿਆ। ਮਹੀਨੇ ਵਿਚ ਹੁਣ ਤੱਕ ਸਿਰਫ਼ 11 ਦਿਨ ਮੀਂਹ ਦਰਜ ਹੋਇਆ ਹੈ।

### ਇੱਕ ਵਾਰ ਫਿਰ ਵਧਿਆ ਵੱਧ ਤੋਂ ਵੱਧ ਤਾਪਮਾਨ

ਵੀਰਵਾਰ ਨੂੰ ਇਕ ਵਾਰ ਫਿਰ ਵੱਧ ਤੋਂ ਵੱਧ ਤਾਪਮਾਨ ਵਿਚ ਵਾਧਾ ਦੇਖਿਆ ਗਿਆ। ਦਿਨ ਦਾ ਪਾਰਾ ਆਮ ਨਾਲੋਂ 4 ਡਿਗਰੀ ਜ਼ਿਆਦਾ ਰਹਿ ਕੇ 37 ਡਿਗਰੀ ਦਰਜ ਹੋਇਆ। ਉੱਥੇ ਹੀ, ਘੱਟ ਤੋਂ ਘੱਟ ਤਾਪਮਾਨ ਇਕ ਡਿਗਰੀ ਵੱਧ ਕੇ 27.6 ਡਿਗਰੀ ਰਿਹਾ।
ਚੰਡੀਗੜ੍ਹ ਮੌਸਮ ਕੇਂਦਰ ਨੇ ਅਗਲੇ ਹਫਤੇ ਮੀਂਹ ਦੀ ਸੰਭਾਵਨਾ ਜਤਾਈ ਹੈ। ਨਾਲ ਹੀ 21 ਅਤੇ 22 ਜੁਲਾਈ ਦੇ ਲਈ ਯੈਲੋ ਅਲਰਟ ਦਿੱਤਾ ਹੈ। ਸ਼ੁੱਕਰਵਾਰ ਨੂੰ ਗਰਜ ਦੇ ਨਾਲ ਮੀਂਹ ਦੀ ਸੰਭਾਵਨਾ ਹੈ। ਵੱਧ ਤੋਂ ਵੱਧ ਤਾਪਮਾਨ 37 ਡਿਗਰੀ ਰਹਿ ਸਕਦਾ ਹੈ, ਉੱਥੇ ਹੀ ਸ਼ਨੀਵਾਰ ਨੂੰ ਵੀ ਮੀਂਹ ਦੀ ਸੰਭਾਵਨਾ ਹੈ। ਵੱਧ ਤੋਂ ਵੱਧ ਤਾਪਮਾਨ 37 ਡਿਗਰੀ ਰਹਿ ਸਕਦਾ ਹੈ। ਐਤਵਾਰ ਨੂੰ ਮੀਂਹ ਦੀ ਸੰਭਾਵਨਾ ਹੈ। ਵੱਧ ਤੋਂ ਵੱਧ ਤਾਪਮਾਨ 36 ਡਿਗਰੀ ਰਹਿ ਸਕਦਾ ਹੈ।

# ਪੰਜਾਬ 'ਚ ਰੂਹ ਕੰਬਾਊ ਵਾਰਦਾਤ, ਚੌਂਕੀਦਾਰ ਦਾ ਬੇਰਹਿਮੀ ਨਾਲ ਕਤਲ



ਰੇਲਵੇ ਸਟੇਸ਼ਨ ਤੋਂ ਯਾਰਡ ਵੱਲ ਜਾ ਰਹੇ ਟਰੈਕ ’ਤੇ ਬਣੇ ਲੱਕੜ ਪੁਲ ਨੇੜੇ ਚੌਂਕੀਦਾਰ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਮ੍ਰਿਤਕ ਦੇ ਚਿਹਰੇ ’ਤੇ ਖ਼ੂਨ ਜੰਮਿਆ ਹੋਇਆ ਸੀ ਅਤੇ ਸਿਰ ’ਚੋਂ ਵੀ ਕਾਫ਼ੀ ਖ਼ੂਨ ਨਿਕਲ ਰਿਹਾ ਸੀ। ਕਤਲ ਦੇ ਕਾਰਨਾਂ ਦਾ ਫਿਲਹਾਲ ਪਤਾ ਨਹੀਂ ਲੱਗ ਸਕਿਆ। ਪੁਲਸ ਲੁੱਟ ਅਤੇ ਕਤਲ ਵਿਚਕਾਰ ਉਲਝੀ ਹੋਈ ਹੈ, ਜਦਕਿ ਪਹਿਲੀ ਨਜ਼ਰ ’ਚ ਰੰਜਿਸ਼ਨ ਕਤਲ ਜਾਪ ਰਿਹਾ ਹੈ। ਮ੍ਰਿਤਕ ਰਾਜੂ ਬਰਮਨ ਦੀ ਉਮਰ 35 ਸਾਲ ਦੇ ਲਗਭਗ ਦੱਸੀ ਜਾ ਰਹੀ ਹੈ, ਜੋਕਿ ਵੈਸਟ ਬੰਗਾਲ ਦਾ ਰਹਿਣ ਵਾਲਾ ਸੀ। ਰੇਲਵੇ ਪੁਲਸ ਦਾ ਜੀ. ਆਰ. ਪੀ. ਥਾਣਾ ਮਾਮਲੇ ਦੀ ਜਾਂਚ ਕਰ ਰਿਹਾ ਹੈ। ਫੋਰੈਂਸਿਕ ਟੀਮਾਂ ਨੇ ਮੌਕਾ-ਮੁਆਇਨਾ ਕਰਕੇ ਸਬੂਤ ਜੁਟਾਏ ਹਨ ਤਾਂਕਿ ਕਾਤਲਾਂ ਤਕ ਪਹੁੰਚਿਆ ਜਾ ਸਕੇ। ਲਾਸ਼ ਨੇੜਿਓਂ ਕਹੀ ਦੇ ਉਪਰਲੇ ਹਿੱਸੇ ਵਾਲੀ ਲੱਕੜੀ ਬਰਾਮਦ ਹੋਈ ਹੈ, ਜਿਸ ਤੋਂ ਅਜਿਹਾ ਖ਼ਦਸ਼ਾ ਪ੍ਰਗਟਾਇਆ ਜਾ ਰਿਹਾ ਹੈ ਕਿ ਕਤਲ ਕਹੀ ਨਾਲ ਕੀਤਾ ਗਿਆ ਹੋਵੇਗਾ। ਮ੍ਰਿਤਕ ਦੇ ਸਰੀਰ ਤੋਂ ਕਮੀਜ਼ ਵੀ ਗਾਇਬ ਸੀ। ਪਹਿਲੀ ਨਜ਼ਰ ’ਚ ਕਤਲ ਦਾ ਮਾਮਲਾ ਆਪਸੀ ਰੰਜਿਸ਼ ਨਾਲ ਜੁੜਿਆ ਜਾਪ ਰਿਹਾ ਹੈ ਪਰ ਕਾਰਨਾਂ ਦੀ ਸਹੀ ਤਰ੍ਹਾਂ ਨਾਲ ਪੁਸ਼ਟੀ ਨਹੀਂ ਹੋ ਪਾ ਰਹੀ। ਕਤਲ ਜਿੱਥੇ ਹੋਇਆ, ਉਥੇ ਆਲੇ-ਦੁਆਲੇ ਲੋਕਾਂ ਦਾ ਆਉਣ-ਜਾਣ ਨਹੀਂ ਹੁੰਦਾ, ਜਿਸ ਕਾਰਨ ਮਾਮਲਾ ਉਲਝਿਆ ਹੋਇਆ ਜਾਪ ਰਿਹਾ ਹੈ। ਸਵੇਰੇ ਤੜਕਸਾਰ 6.30 ਵਜੇ ਜੀ. ਆਰ. ਪੀ. ਥਾਣੇ ’ਚ ਲਾਸ਼ ਮਿਲਣ ਸਬੰਧੀ ਸੂਚਨਾ ਪਹੁੰਚੀ। ਕਤਲ ਸਬੰਧੀ ਪਤਾ ਲੱਗਦੇ ਹੀ ਜੀ. ਆਰ. ਪੀ. ਥਾਣੇ ਦੇ ਐੱਸ. ਐੱਚ. ਓ. ਪਲਵਿੰਦਰ ਸਿੰਘ ਭਿੰਡਰ ਮੌਕੇ ’ਤੇ ਪਹੁੰਚੇ ਅਤੇ ਜਾਂਚ ਸ਼ੁਰੂ ਕੀਤੀ। ਆਲੇ-ਦੁਆਲੇ ਦੇ ਇਲਾਕੇ ’ਚ ਛਾਣਬੀਣ ਕੀਤੀ ਗਈ ਅਤੇ ਸਾਈਟ ਇੰਸਪੈਕਸ਼ਨ ਕੀਤੀ ਗਈ। ਡੀ. ਐੱਸ. ਪੀ. ਤੇਜਪਾਲ ਸਿੰਘ ਨੇ ਵੀ ਮੌਕੇ ’ਤੇ ਜਾ ਕੇ ਮੁਆਇਨਾ ਕੀਤਾ। ਫੋਰੈਂਸਿਕ ਟੀਮਾਂ ਵੱਲੋਂ ਮੌਕੇ ਤੋਂ ਫਿੰਗਰ ਪ੍ਰਿੰਟ ਲਏ ਗਏ ਹਨ ਅਤੇ ਲੈਬ ’ਚ ਭਿਜਵਾ ਦਿੱਤੇ ਗਏ ਹਨ।

# ਹਫ਼ਤਾ ਵਸੂਲੀ ਦੇ ਮਾਲਿਆਂ ਤੋਂ ਡਰੇ ਉਦਯੋਗਪਤੀ, CM ਮਾਨ ਨੂੰ ਲਿਖੀ ਚਿੱਠੀ



ਪੰਜਾਬ ਖ਼ਾਸਤੌਰ 'ਤੇ ਲੁਧਿਆਣਾ ਵਿਚ ਜਿਸ ਤਰ੍ਹਾਂ ਹਫ਼ਤਾ ਵਸਾਲੂ ਦੇ ਮਾਮਲੇ ਦਿਨੋਂ-ਦਿਨ ਵੱਧਦੇ ਜਾ ਰਹੇ ਹਨ, ਉਸ ਨਾਲ ਉਦਯੋਗਪਤੀਆਂ ਵਿਚ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ ਹੈ। ਉਦਯੋਗਿਕ ਸੰਸਥਾਵਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਅਪੀਲ ਕੀਤੀ ਹੈ ਕਿ ਪੰਜਾਬ ਨੂੰ ਯੂ.ਪੀ.-ਬਿਹਾਰ ਬਣਨ ਤੋਂ ਰੋਕਿਆ ਜਾਵੇ, ਕਿਉਂਕਿ ਉੱਥ ਹਫ਼ਤਾ ਵਸੂਲੀ ਕਰਨ ਵਾਲੇ ਇਕ ਪ੍ਰੋਫੈਸ਼ਨਲ ਦੀ ਤਰ੍ਹਾਂ ਕੰਮ ਕਰਦੇ ਹਨ। ਪੰਜਾਬ ਵਿਚ ਵੀ ਇਸੇ ਤਰ੍ਹਾਂ ਦੇ ਸੰਕੇਤ ਮਿਲਣੇ ਸ਼ੁਰੂ ਹੋ ਗਏ ਹਨ। ਲੁਧਿਆਣਾ ਦੀਆਂ 2 ਘਟਨਾਵਾਂ ਨੇ ਉਦਯੋਗਪਤੀਆਂ ਤੇ ਵਪਾਰੀਆਂ ਦੇ ਦਿਲਾਂ ਵਿਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਪਹਿਲੀ ਘਟਨਾ ਪਿਛਲੇ ਹਫ਼ਤੇ ਗਿਆਸਪੁਰਾ ਨੇੜੇ 4 ਮੁੰਡਿਆਂ ਨੇ ਮੋਟਰਸਾਈਕਲ ਲਗਾ ਕੇ ਦਿਨ-ਦਿਹਾੜੇ ਆਉਂਦੇ-ਜਾਂਦੇ ਲੋਕਾਂ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ, ਤਾਂ ਜੋ ਇਲਾਕੇ ਵਿਚ ਉਨ੍ਹਾਂ ਦੀ ਦਹਿਸ਼ਤ ਫ਼ੈਲ ਸਕੇ ਅਤੇ ਉਹ ਹਫ਼ਤਾ ਵਸੂਲੀ ਕਰ ਸਕਣ। ਉੱਥੇ ਦੇ ਰਹਿਣ ਵਾਲੇ ਲੋਕਾਂ ਨੇ ਉਨ੍ਹਾਂ ਨੂੰ ਫੜ ਕੇ ਪੁਲਸ ਦੇ ਹਵਾਲੇ ਕਰ ਦਿੱਤਾ। ਦੂਜੀ ਘਟਨਾ ਮੋਤੀ ਨਗਰ ਦੀ ਹੈ ਜਿੱਥੇ ਪੁਲਸ ਨੇ ਹਾਲ ਹੀ ਵਿਚ ਹਫ਼ਤਾ ਵਸੂਲੀ ਕਰਨ ਵਾਲੇ ਇਕ ਵਿਅਕਤੀ ਨੂੰ ਫੜਿਆ ਸੀ ਅਤੇ ਬੀਤੇ ਦਿਨੀਂ ਉਸ ਦੇ ਤਿੰਨ ਹੋਰ ਸਾਥੀਆਂ ਨੂੰ ਫੜ ਲਿਆ। ਇਸ ਸਬੰਧੀ ਫਾਸਟਰ ਮੈਨੂਫੈਕਚਰਰਜ਼ ਐਸੋਸੀਏਸ਼ਨ ਦੇ ਪ੍ਰਧਾਨ ਰਾਜ ਕੁਮਾਰ ਸਿੰਗਲ, ਯੂਨਾਈਟਿਡ ਸਾਈਕਲ ਐਂਡ ਪਾਰਟਸ ਮੈਨੂਫੈਕਚਰਰਜ਼ ਐਸੋਸੀਏਸ਼ਨ ਦੇ ਚੇਅਰਮੈਨ ਚਰਨਜੀਤ ਸਿੰਘ ਵਿਸ਼ਵਕਰਮਾ, ਲੁਧਿਆਣਾ ਹੈਂਡਟੂਲਜ਼ ਸੰਗਠਨ ਦੇ ਪ੍ਰਧਾਨ ਐੱਸ.ਸੀ. ਰਲਹਨ, ਪੰਜਾਬ ਡਾਇਸ ਸੰਗਠਨ ਦੇ ਜਨਰਲ ਸਕੱਤਰ ਬਾਬੀ ਜਿੰਦਲ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਪੱਤਰ ਲਿਖ ਕੇ ਅਪੀਲ ਕੀਤੀ ਹੈ ਕਿ ਉਹ ਅਜਿਹੀਆਂ ਘਟਨਾਵਾਂ ਨੂੰ ਨੱਥ ਪਾਉਣ ਲਈ ਪੁਲਸ ਨੂੰ ਸਖ਼ਤ ਹਦਾਇਤਾਂ ਦੇਣ। ਉਕਤ ਉਦਯੋਗਿਕ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਪੱਤਰ ਵਿਚ ਲਿਖਿਆ ਹੈ ਕਿ ਪੰਜਾਬ ਦਾ ਕਾਰੋਬਾਰ ਪਹਿਲਾਂ ਹੀ ਕਾਫ਼ੀ ਡਾਵਾਂਡੋਲ ਹੈ, ਉੱਪਰੋਂ ਅਜਿਹੀਆਂ ਘਟਨਾਵਾਂ ਦੇ ਚਲਦਿਆਂ ਪੰਜਾਬ ਵਿਚ ਬਾਹਰੀ ਵਪਾਰੀ ਆਉਣ ਤੋਂ ਡਰੇਗਾ। ਪੰਜਾਬ ਇਕ ਅਜਿਹਾ ਸੂਬਾ ਹੈ, ਜਿਸ ਨਾ ਲੰਮਾਂ ਸਮਾਂ ਅੱਤਵਾਦ ਝੱਲਿਆ ਹੈ। ਹੁਣ ਲੋਕਾਂ ਵਿਚ ਹਿੰਮਤ ਨਹੀਂ ਹੈ ਕਿ ਉਹ ਅਜਿਹੀਆਂ ਘਟਨਾਵਾਂ ਦਾ ਸਾਹਮਣਾ ਕਰ ਸਕਣ, ਕਿਉਂਕਿ ਹੁਣ ਪੰਜਾਬ ਦੇ ਲੋਕ ਇੱਥੇ ਅਮਨ ਸ਼ਾਂਤੀ ਚਾਹੁੰਦੇ ਹਨ।

## ਗਾਇਕਾ ਸੁਨੰਦਾ ਸ਼ਰਮਾ ਦਾ ਪਹਿਲਾ ਕ੍ਰਸ਼ ਹੈ ਪਾਕਿਸਤਾਨ 'ਚ, ਮੁਲਾਕਾਤ ਕਰਕੇ ਪਹੁੰਚੀ ਸੱਤਵੇਂ ਆਸਮਾਨ 'ਤੇ



ਮਸ਼ਹੂਰ ਪੰਜਾਬੀ ਗਾਇਕ ਸੁਨੰਦਾ ਸ਼ਰਮਾ ਆਪਣੇ ਗੀਤਾਂ ਨਾਲ ਹਰ ਕਿਸੇ ਦਾ ਦਿਲ ਜਿੱਤ ਲੈਂਦੀ ਹੈ। ਹਾਲ ਹੀ 'ਚ ਸੁਨੰਦਾ ਸ਼ਰਮਾ ਦੀ ਇੱਕ ਨਵੀਂ ਤਸਵੀਰ ਵਾਇਰਲ ਹੋ ਰਹੀ ਹੈ, ਜਿਸ 'ਚ ਉਹ ਮਸ਼ਹੂਰ ਪਾਕਿਸਤਾਨੀ ਗਾਇਕਾ ਨਸੀਬੋ ਲਾਲ ਨਾਲ ਮੁਲਕਾਤ ਕਰਦੀ ਹੋਈ ਨਜ਼ਰ ਆ ਰਹੀ ਹੈ। ਦੱਸ ਦਈਏ ਕਿ ਸੁਨੰਦਾ ਸ਼ਰਮਾ ਗਾਇਕੀ ਦੇ ਨਾਲ-ਨਾਲ ਸੋਸ਼ਲ ਮੀਡੀਆ 'ਤੇ ਕਾਫ਼ੀ ਐਕਟਿਵ ਰਹਿੰਦੀ ਹੈ। ਗਾਇਕਾ ਅਕਸਰ ਆਪਣੇ ਫੈਨਜ਼ ਦੇ ਮਨੋਰੰਜਨ ਲਈ ਆਪਣੀ ਕਾਮੇਡੀ ਵੀਡੀਓਜ਼ ਤੇ ਤਸਵੀਰਾਂ ਸਾਂਝੀਆਂ ਕਰਦੀ ਰਹਿੰਦੀ ਹੈ। ਇਨ੍ਹੀਂ ਦਿਨੀਂ ਸੁਨੰਦਾ ਸ਼ਰਮਾ ਵਿਦੇਸ਼ ਆਪਣੇ ਮਿਊਜ਼ਿਕਲ ਟੂਰ ਕਰ ਰਹੀ ਹੈ।ਜਿੱਥੋਂ ਉਹ ਲਗਾਤਾਰ ਆਪਣੀਆਂ ਤਸਵੀਰਾਂ ਤੇ ਵੀਡੀਓਜ਼ ਸਾਂਝੀ ਕਰ ਰਹੀ ਹੈ। ਹਾਲ ਹੀ 'ਚ ਸੁਨੰਦਾ ਸ਼ਰਮਾ ਨੇ ਇੱਕ ਪੋਸਟ ਸਾਂਝੀ ਕੀਤੀ ਹੈ, ਜਿਸ 'ਚ ਉਸ ਨੇ ਪਾਕਿਸਤਾਨੀ ਪੰਜਾਬੀ ਗਾਇਕਾ ਨਸੀਬੋ ਲਾਲ ਨਾਲ ਮੁਲਾਕਾਤ ਦੀ ਝਲਕ ਸਾਂਝੀ ਕੀਤੀ ਹੈ। ਗਾਇਕਾ ਨਸੀਬੋ ਲਾਲ ਨਾਲ ਤਸਵੀਰ ਸ਼ੇਅਰ ਕਰਦਿਆਂ ਸੁਨੰਦਾ ਨੇ ਬਹੁਤ ਹੀ ਪਿਆਰਾ ਕੈਪਸ਼ਨ ਵੀ ਲਿਖਿਆ। ਸਨੰਦਾ ਨੇ ਲਿਖਿਆ, ''ਜੋ ਹੈ ਤੇਰਾ ਲੱਭ ਜਾਏਗਾ, ਕਰਕੇ ਕੋਈ ਬਹਾਨਾ🙏🏻♾️"ਮੈਂ ਅੱਜ ਉਸ ਔਰਤ ਨੂੰ ਮਿਲੀ ਜੋ ਮੇਰੀ ਜ਼ਿੰਦਗੀ ਦਾ ਪਹਿਲਾ ਕ੍ਰਸ਼ ਹੈ। ਨਸੀਬੋ ਲਾਲ ਜੀ🫠❤️' ਮੈਂ ਹਮੇਸ਼ਾ ਦੋ ਹੀ ਲੋਕਾਂ ਨੂੰ ਮਿਲਣ ਦੀ ਖ਼ੁਹਾਇਸ਼ ਕੀਤੀ ਹੈ ਨਸੀਬੋ ਲਾਲ ਜੀ ਤੇ ਤੇ ਤਾਜਮਾਲ ਕਲੀਮ ਸਾਹਬ🙌🏻।'' ਫੈਨਜ਼ ਗਾਇਕਾ ਦੀ ਇਸ ਤਸਵੀਰ ਨੂੰ ਬਹੁਤ ਪਸੰਦ ਕਰ ਰਹੇ ਹਨ। ਲੋਕ ਸੁਨੰਦਾ ਸ਼ਰਮਾ ਦੀ ਇਸ ਵੀਡੀਓ 'ਤੇ ਕੁਮੈਂਟ ਕਰਕੇ ਆਪੋ ਆਪਣੀ ਪ੍ਰਤੀਕਿਰਿਆ ਦੇ ਰਹੇ ਹਨ ਅਤੇ ਗਾਇਕਾ ਦੀ ਤਰੀਫ਼ਾਂ ਕਰ ਰਹੇ ਹਨ।

## ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋਏ ਗਾਇਕ ਮੀਕਾ ਸਿੰਘ, ਸਰਬੱਤ ਦੇ ਭਲੇ ਦੀ ਕੀਤੀ ਅਰਦਾਸ



ਆਪਣੇ ਬੇਬਾਕ ਅੰਦਾਜ਼ ਲਈ ਜਾਣੇ ਜਾਂਦੇ ਬਾਲੀਵੁੱਡ ਗਾਇਕ ਮੀਕਾ ਸਿੰਘ ਅੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ। ਇਸ ਦੌਰਾਨ ਮੀਕਾ ਸਿੰਘ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਇਸ ਮੌਕੇ ਮੀਕਾ ਸਿੰਘ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ 'ਅੱਜ ਉਹ ਗੁਰੂ ਘਰ ਮੱਥਾ ਟੇਕਣ ਲਈ ਪਹੁੰਚੇ ਹਨ ਅਤੇ ਵਾਹਿਗੁਰੂ ਅੱਗੇ ਸਰਬਤ ਦੇ ਭਲੇ ਦੀ ਅਰਦਾਸ ਕੀਤੀ ਹੈ ਤੇ ਸ਼ੁਕਰਾਨਾ ਅਦਾ ਕੀਤਾ। ਅਦਾਕਾਰ ਨੇ ਕਿਹਾ ਰੱਬ ਸਭ ਨੂੰ ਚੜ੍ਹਦੀ ਕਲਾ 'ਚ ਰੱਖੇ। ਉਨ੍ਹਾਂ ਕਿਹਾ ਕਿ ਜਦੋਂ ਵੀ ਅੰਮ੍ਰਿਤਸਰ ਆਉਂਦੇ ਹਾਂ ਤਾਂ ਗੁਰੂ ਘਰ 'ਚ ਮੱਥਾ ਜ਼ਰੂਰ ਟੇਕਦੇ ਹਾਂ।ਉਨ੍ਹਾਂ ਕਿਹਾ ਕਿ ਇਹ ਉਹ ਦਰ ਹੈ ਜਿੱਥੇ ਮਨ ਨੂੰ ਸਕੂਨ ਤੇ ਸ਼ਾਂਤੀ ਮਿਲਦੀ ਹੈ ਅਜਿਹਾ ਹੋਰ ਕੋਈ ਦਰ ਨਹੀਂ ਹੈ। ਉਨ੍ਹਾਂ ਕਿਹਾ ਕਿ ਇੱਥੇ ਆ ਕੇ ਮਨ ਨੂੰ ਬਹੁਤ ਚੰਗਾ ਲੱਗਦਾ ਹੈ ਇਸ ਜਗ੍ਹਾ ਤੋਂ ਕੋਈ ਵੀ ਕੁਝ ਮੰਗਦਾ ਹੈ ਤਾਂ ਇਹ ਗੁਰੂ ਦਾ ਦਰ ਸਭ ਦੀਆਂ ਝੋਲੀਆਂ ਭਰ ਦਿੰਦਾ ਹੈ। ਅਦਾਕਾਰ ਨੇ ਕਿਹਾ ਕਿ ਜਦੋਂ ਤੱਕ ਵਾਹਿਗੁਰੂ ਦਾ ਹੁਕਮ ਨਹੀਂ ਹੁੰਦਾ ਉਦੋਂ ਤੱਕ ਬੰਦਾ ਇਥੇ ਚੱਲ ਕੇ ਨਹੀਂ ਆਉਂਦਾ ਹੈ, ਵਾਹਿਗੁਰੂ ਦੇ ਹੁਕਮ ਤੇ ਹੀ ਬੰਦਾ ਇਥੇ ਪਹੁੰਚਦਾ ਹੈ ।ਦੱਸ ਦਈਏ ਕਿ ਗੀਤਕਾਰ ਮੀਕਾ ਸਿੰਘ ਦੀਆਂ ਨਵੀਆਂ ਐਲਬਮਾਂ ਬਹੁਤ ਜਲਦ ਰਿਲੀਜ਼ ਹੋਣ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਫਿਲਹਾਲ ਅਸੀਂ ਗੁਰੂ ਘਰ 'ਚ ਹੀ ਮੱਥਾ ਟੇਕਣ ਆਏ ਹਾਂ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੋ ਵੀ ਮੰਗਣਾ ਹੈ ਵਾਹਿਗੁਰੂ ਜੀ ਕੋਲੋਂ ਆ ਕੇ ਮੰਗੋ, ਇਸ ਦੇ ਦਰ ਉੱਤੇ ਬਹੁਤ ਤਾਕਤ ਹੈ ਇਹ ਸਭ ਦੀਆਂ ਝੋਲੀਆਂ ਭਰਦੇ ਹਨ।

## ਗਾਇਕ ਕਰਨ ਔਜਲਾ ਪੰਜਾਬ ਦੇ ਖਿਡਾਰੀ ਲਈ ਬਣਿਆ ਮਸੀਹਾ, ਚੁਕਾਇਆ 9 ਲੱਖ ਦਾ ਕਰਜ਼ਾ




ਪ੍ਰਸਿੱਧ ਪੰਜਾਬੀ ਗਾਇਕ ਕਰਨ ਔਜਲਾ ਇੰਨੀ ਦਿਨੀਂ ਕਾਫ਼ੀ ਸੁਰਖੀਆਂ 'ਚ ਛਾਏ ਹੋਏ ਹਨ ਪਰ ਹੁਣ ਗਾਇਕ ਦੀ ਹਰ ਪਾਸੇ ਚਰਚਾ ਕਿਸੇ ਗੀਤ ਕਾਰਨ ਨਹੀਂ ਸਗੋਂ ਦਰਿਆਦਿਲੀ ਕਾਰਨ ਹੋ ਰਹੀ ਹੈ। ਦਰਅਸਲ, ਪੰਜਾਬ ਦੇ ਖੰਨਾ ਜ਼ਿਲ੍ਹੇ ਤੋਂ ਆਉਂਦੇ ਅੰਤਰਰਾਸ਼ਟਰੀ ਪੈਰਾ ਐਥਲੀਟ ਕਰਾਟੇ ਖਿਡਾਰੀ ਤਰੁਣ ਸ਼ਰਮਾ ਦਾ 9 ਲੱਖ ਰੁਪਏ ਦਾ ਕਰਜ਼ਾ ਮੋੜਿਆ ਹੈ। ਇਹ ਜਾਣਕਾਰੀ ਖੁਦ ਤਰੁਣ ਸ਼ਰਮਾ ਵੱਲੋਂ ਵੀਡੀਓ ਪਾ ਕੇ ਸਾਂਝੀ ਕੀਤੀ ਗਈ ਹੈ। ਤਰੁਣ ਸ਼ਰਮਾ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਵੀਡੀਓ ਸਾਂਝੀ ਕਰਦਿਆਂ ਲਿਖਿਆ- ''Thank you so much @karanaujla ji close my all bank loan and thank you to all NRI Punjabi and Indian brother halp me and support me for my bank loan।''ਦੱਸ ਦਈਏ ਕਿ ਬੀਤੇ ਦਿਨੀਂ ਕਰਨ ਔਜਲਾ ਇਕ ਗੀਤ ਦੀ ਸ਼ੂਟਿੰਗ ਦੌਰਾਨ ਹਾਦਸੇ ਦਾ ਸ਼ਿਕਾਰ ਹੋ ਗਏ। ਸ਼ੂਟਿੰਗ ਦੌਰਾਨ ਕਰਨ ਔਜਲਾ ਦੀ ਕਾਰ ਪਲਟ ਗਈ ਹੈ ਅਤੇ ਉਨ੍ਹਾਂ ਦੇ ਮਾਮੂਲੀ ਸੱਟਾਂ ਵੀ ਲੱਗੀਆਂ ਹਨ। ਇਸ ਹਾਦਸੇ 'ਚ ਉਨ੍ਹਾਂ ਦੀ ਗਰਦਨ ਦੀ ਹੱਡੀ ਮਸਾਂ ਟੁੱਟਣੋ ਬਚੀ ਹੈ। ਇਹ ਜਾਣਕਾਰੀ ਖੁਦ ਕਰਨ ਔਜਲਾ ਵੱਲੋਂ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਸਾਂਝੀ ਕੀਤੀ ਗਈ ਹੈ। ਕਰਨ ਔਜਲਾ ਨੇ ਦੱਸਿਆ ਕਿ ਇਕ ਗਾਣੇ ਦੀ ਸ਼ੂਟਿੰਗ ਦੌਰਾਨ ਉਹ ਹਦਸੇ ਦਾ ਸ਼ਿਕਾਰ ਹੋ ਗਏ ਹਨ ਅਤੇ ਉਨ੍ਹਾਂ ਦੀ ਗਰਦਨ ਟੁੱਟਣੋ ਮਸਾਂ ਬਚੀ ਹੈ। ਇੰਨਾ ਹੀ ਨਹੀਂ ਕਰਨ ਔਜਲਾ ਨੇ ਇਸ ਹਾਦਸੇ ਦੀ ਵੀਡੀਓ ਵੀ ਸ਼ੇਅਰ ਕੀਤੀ ਹੈ। ਦੱਸਣਯੋਗ ਹੈ ਕਿ ਕਰਨ ਔਜਲਾ ਆਪਣੇ ਗੀਤ 'ਤੌਬਾ-ਤੌਬਾ' ਨੂੰ ਲੈ ਕੇ ਸੁਰਖੀਆਂ 'ਚ ਹਨ। ਵਿੱਕੀ ਕੌਸ਼ਲ ਅਤੇ ਐਮੀ ਵਿਰਕ ਦੀ ਆਉਣ ਵਾਲੀ ਬਾਲੀਵੁੱਡ ਫ਼ਿਲਮ 'ਬੈਡ ਨਿਊਜ਼' ਲਈ ਗਾਇਆ ਉਨ੍ਹਾਂ ਦਾ ਇਹ ਗੀਤ ਹਰ ਇਕ ਚਾਰਟਬਸਟਰ ਅਤੇ ਇੰਸਟਾਗ੍ਰਾਮ ਤੋਂ ਲੈ ਕੇ ਯੂਟਿਊਬ ਤੱਕ ਹਰ ਪਾਸੇ ਟਰੈਂਡ ਕਰ ਰਿਹਾ ਹੈ।

## ਪਤਨੀ ਨਾਲ ਤਲਾਕ ਤੋਂ ਬਾਅਦ ਹਾਰਦਿਕ ਪੰਡਯਾ ਨੂੰ ਲੱਗਾ ਇਕ ਹੋਰ ਝਟਕਾ




ਹਾਰਦਿਕ ਪੰਡਯਾ ਦੇ ਸਿਤਾਰੇ ਫਿਲਹਾਲ ਕੁਝ ਠੀਕ ਨਹੀਂ ਚੱਲ ਰਹੇ ਹਨ। ਉਨ੍ਹਾਂ ਦੇ ਪ੍ਰਸ਼ੰਸਕਾਂ ਲਈ ਇੱਕੋ ਸਮੇਂ ਦੋ ਬੁਰੀ ਖ਼ਬਰਾਂ ਆ ਰਹੀਆਂ ਹਨ। ਪਹਿਲਾ ਇਹ ਕਿ ਉਨ੍ਹਾਂ ਦਾ ਤਲਾਕ ਹੋ ਗਿਆ ਹੈ ਅਤੇ ਦੂਜਾ ਇਸ ਨਾਲ ਉਨ੍ਹਾਂ ਨੂੰ ਭਾਰਤੀ ਕ੍ਰਿਕਟ ਟੀਮ ਦੇ ਉਪ ਕਪਤਾਨ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ। ਖਬਰਾਂ ਹਨ ਕਿ ਹਾਰਦਿਕ ਪੰਡਯਾ ਦੀ ਜਗ੍ਹਾ ਸ਼ੁਭਮਨ ਗਿੱਲ ਹੁਣ ਭਾਰਤੀ ਟੀ-20 ਕ੍ਰਿਕਟ ਟੀਮ ਦੇ ਉਪ ਕਪਤਾਨ ਬਣ ਗਏ ਹਨ। ਕਪਤਾਨ ਦੀ ਗੱਲ ਕਰੀਏ ਤਾਂ ਸ਼੍ਰੀਲੰਕਾ ਦੇ ਖਿਲਾਫ ਵਨਡੇ ਅਤੇ ਟੀ-20 ਸੀਰੀਜ਼ ਲਈ ਭਾਰਤੀ ਟੀਮ ਦਾ ਐਲਾਨ ਕਰ ਦਿੱਤਾ ਗਿਆ ਹੈ। ਭਾਰਤੀ ਟੀਮ ਨੂੰ ਸੂਰਿਆਕੁਮਾਰ ਯਾਦਵ ਦੇ ਰੂਪ 'ਚ ਨਵਾਂ ਟੀ-20 ਕਪਤਾਨ ਮਿਲਿਆ ਹੈ। ਹਾਲਾਂਕਿ ਜਿਵੇਂ ਹੀ ਇਹ ਖ਼ਬਰ ਆਈ ਕਿ ਹਾਰਦਿਕ ਹੁਣ ਉਪ-ਕਪਤਾਨ ਨਹੀਂ ਰਹੇਗਾ, ਉਨ੍ਹਾਂ ਦੇ ਪ੍ਰਸ਼ੰਸਕ ਇਸ ਗੱਲ ਤੋਂ ਬਿਲਕੁਲ ਵੀ ਖੁਸ਼ ਨਹੀਂ ਹਨ। ਕਿਹਾ ਜਾ ਰਿਹਾ ਹੈ ਕਿ ਗੰਭੀਰ ਦੇ ਆਉਣ ਤੋਂ ਬਾਅਦ ਸਭ ਕੁਝ ਬਦਲ ਗਿਆ ਹੈ। ਹੁਣ ਸੂਰਿਆਕੁਮਾਰ ਯਾਦਵ ਟੀ-20 ਕ੍ਰਿਕਟ ਦੀ ਕਮਾਨ ਸੰਭਾਲਣਗੇ ਜਦਕਿ ਰੋਹਿਤ ਸ਼ਰਮਾ ਟੈਸਟ ਅਤੇ ਵਨਡੇ ਦੇ ਕਪਤਾਨ ਹੋਣਗੇ। ਹਾਰਦਿਕ ਪੰਡਯਾ ਦਾ ਤਲਾਕ ਹਾਰਦਿਕ ਪੰਡਯਾ ਅਤੇ ਉਨ੍ਹਾਂ ਦੀ ਪਤਨੀ ਵਿਚਕਾਰ ਲੰਬੇ ਸਮੇਂ ਤੋਂ ਸਭ ਕੁਝ ਠੀਕ ਨਹੀਂ ਚੱਲ ਰਿਹਾ ਸੀ। ਇਹੀ ਕਾਰਨ ਹੈ ਕਿ ਉਹ ਵਿਸ਼ਵ ਕੱਪ ਦੇ ਇੱਕ ਵੀ ਮੈਚ 'ਚ ਨਜ਼ਰ ਨਹੀਂ ਆਈ। 18 ਜੁਲਾਈ ਨੂੰ ਇਹ ਐਲਾਨ ਕੀਤਾ ਗਿਆ ਸੀ ਕਿ ਹਾਰਦਿਕ ਪੰਡਯਾ ਅਤੇ ਨਤਾਸ਼ਾ ਦਾ ਤਲਾਕ ਹੋ ਗਿਆ ਹੈ। ਉਦੋਂ ਤੋਂ ਹਾਰਦਿਕ ਸੁਰਖੀਆਂ 'ਚ ਹਨ ਅਤੇ ਕਿਹਾ ਜਾ ਰਿਹਾ ਹੈ ਕਿ ਇਹ ਉਨ੍ਹਾਂ ਲਈ ਬਹੁਤ ਬੁਰਾ ਸਮਾਂ ਹੈ।ਪਹਿਲਾਂ ਤਾਂ ਵਿਆਹ ਟੁੱਟ ਗਿਆ ਹੈ ਤੇ ਇਸ ਦੇ ਨਾਲ ਹੀ ਉਸ ਨੂੰ ਉਪ ਕਪਤਾਨ ਦੇ ਅਹੁਦੇ ਤੋਂ ਵੀ ਹਟਾ ਦਿੱਤਾ ਗਿਆ ਹੈ। ਕੁਝ ਸਮੇਂ ਤੋਂ ਕਿਹਾ ਜਾ ਰਿਹਾ ਸੀ ਕਿ ਹਾਰਦਿਕ ਭਾਰਤੀ ਟੀਮ ਦਾ ਕਪਤਾਨ ਵੀ ਬਣ ਸਕਦਾ ਹੈ। ਫਿਲਹਾਲ ਇਸ ਬਾਰੇ ਹਾਰਦਿਕ ਵੱਲੋਂ ਕੋਈ ਪ੍ਰਤੀਕਿਰਿਆ ਨਹੀਂ ਆਈ ਹੈ।

## ਮਨੋਰੰਜਨ ਜਗਤ ਤੋਂ ਆਈ ਮੰਦਭਾਗੀ ਖ਼ਬਰ, ਮਸ਼ਹੂਰ ਸਟੈਂਡ-ਅੱਪ ਕਾਮੇਡੀਅਨ ਦੀ ਹੋਈ ਮੌਤ



ਪਿਛਲੇ ਕੁਝ ਦਿਨਾਂ ਤੋਂ ਮਨੋਰੰਜਨ ਜਗਤ ਤੋਂ ਲਗਾਤਾਰ ਕੁਝ ਬੁਰੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਹਨ। ਹੁਣ ਹਾਲ ਹੀ 'ਚ ਖ਼ਬਰ ਆਈ ਹੈ ਕਿ ਅਮਰੀਕੀ ਸਟੈਂਡਅੱਪ ਕਾਮੇਡੀਅਨ ਬੌਬ ਨਿਊਹਾਰਟ ਨਹੀਂ ਰਹੇ। 94 ਸਾਲ ਦੀ ਉਮਰ 'ਚ ਉਨ੍ਹਾਂ ਦੀ ਮੌਤ ਹੋ ਗਈ। ਸਾਰਿਆਂ ਨੂੰ ਹਸਾਉਣ ਵਾਲੇ ਕਾਮੇਡੀਅਨ ਦਾ 18 ਜੁਲਾਈ ਨੂੰ ਦਿਹਾਂਤ ਹੋ ਗਿਆ।ਅਮਰੀਕੀ ਸਟੈਂਡ-ਅੱਪ ਕਾਮੇਡੀਅਨ ਬੌਬ ਨਿਊ ਹਾਰਟ ਅਮਰੀਕਾ ਦੇ ਮਸ਼ਹੂਰ ਸਟੈਂਡ-ਅੱਪ ਕਾਮੇਡੀਅਨਾਂ 'ਚੋਂ ਇੱਕ ਸੀ, ਜਿਸ ਨੇ ਆਪਣੇ ਦਮ 'ਤੇ ਆਪਣੀ ਪਛਾਣ ਬਣਾਈ ਸੀ। ਦੱਸਿਆ ਜਾ ਰਿਹਾ ਹੈ ਕਿ ਬੌਬ ਕਾਫ਼ੀ ਸਮੇਂ ਤੋਂ ਕਈ ਬੀਮਾਰੀਆਂ ਤੋਂ ਪੀੜਤ ਸਨ। ਉਨ੍ਹਾਂ ਦੀ ਲਾਸ ਏਂਜਲਸ ਸਥਿਤ ਰਿਹਾਇਸ਼ 'ਤੇ ਮੌਤ ਹੋ ਗਈ।ਕੰਮ ਦੀ ਗੱਲ ਕਰੀਏ ਤਾਂ 1929 'ਚ ਜਨਮੇ ਬੌਬ ਅਮਰੀਕੀ ਫੌਜ ਦੇ ਸਿਪਾਹੀ ਵੀ ਰਹਿ ਚੁੱਕੇ ਹਨ। ਉਸ ਨੇ ਕੋਰੀਆਈ ਯੁੱਧ 'ਚ ਯੋਗਦਾਨ ਪਾਇਆ ਸੀ। ਇੰਨਾ ਹੀ ਨਹੀਂ, ਨੌਕਰੀ ਛੱਡਣ ਤੋਂ ਪਹਿਲਾਂ ਉਸ ਨੇ ਕਾਨੂੰਨ ਦੀ ਪੜ੍ਹਾਈ ਵੀ ਕੀਤੀ ਅਤੇ ਅਕਾਊਂਟੈਂਟ ਵਜੋਂ ਵੀ ਕੰਮ ਕੀਤਾ। ਹਾਲਾਂਕਿ, ਕਿਸਮਤ ਕੋਲ ਕੁਝ ਹੋਰ ਸੀ ਅਤੇ ਉਹ ਇੱਕ ਮਸ਼ਹੂਰ ਸਟੈਂਡ ਅੱਪ ਕਾਮੇਡੀਅਨ ਬਣ ਗਿਆ।

## ਸਤ੍ਰੀ 2' ਦਾ ਦਮਦਾਰ ਟ੍ਰੇਲਰ ਰਿਲੀਜ਼, ਵੇਖ ਰੌਂਗਟੇ ਹੋ ਜਾਣਗੇ ਖੜ੍ਹੇ




ਸਾਲ 2018 'ਚ ਰਿਲੀਜ਼ ਹੋਈ ਹੌਰਰ ਕਾਮੇਡੀ ਫ਼ਿਲਮ 'ਸਤ੍ਰੀ' ਦੇ ਸੀਕਅਲ 'ਸਤ੍ਰੀ 2' ਦਾ ਟ੍ਰੇਲਰ ਰਿਲੀਜ਼ ਹੋ ਗਿਆ ਹੈ। ਦਰਸ਼ਕ ਰਾਜਕੁਮਾਰ ਰਾਓ ਅਤੇ ਸ਼ਰਧਾ ਕਪੂਰ ਸਟਾਰਰ ਹੌਰਰ ਕਾਮੇਡੀ ਫ਼ਿਲਮ ਦੇ ਸੀਕਵਲ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ। ਦੱਸ ਦੇਈਏ ਕਿ ਇਹ ਫ਼ਿਲਮ ਅਗਸਤ 2024 'ਚ ਵੀ ਰਿਲੀਜ਼ ਹੋਣ ਜਾ ਰਹੀ ਹੈ। ਅਜਿਹੇ 'ਚ ਦਰਸ਼ਕਾਂ ਨੂੰ ਫ਼ਿਲਮ ਲਈ ਜ਼ਿਆਦਾ ਇੰਤਜ਼ਾਰ ਨਹੀਂ ਕਰਨਾ ਪਵੇਗਾ। ਇਸ ਵਾਰ ਅਮਰ ਕੌਸ਼ਿਕ ਦੁਆਰਾ ਨਿਰਦੇਸ਼ਿਤ ਅਤੇ ਮੈਡੋਕ ਫਿਲਮਜ਼ ਦੁਆਰਾ ਪੇਸ਼ ਕੀਤੀ ਗਈ ਫ਼ਿਲਮ 'ਸਤ੍ਰੀ 2' 'ਚ ਵੀ ਨਵੇਂ ਚਿਹਰੇ ਨਜ਼ਰ ਆਉਣਗੇ। ਪਹਿਲੇ ਭਾਗ 'ਚ ਰਾਜਕੁਮਾਰ ਰਾਓ, ਅਭਿਸ਼ੇਕ ਬੈਨਰਜੀ, ਸ਼ਰਧਾ ਕਪੂਰ, ਫਲੋਰਾ ਸੈਣੀ (ਮਹਿਲਾ) ਅਤੇ ਪੰਕਜ ਤ੍ਰਿਪਾਠੀ ਨੇ ਆਪਣੀ ਹੌਰਰ ਕਾਮੇਡੀ ਨਾਲ ਦਰਸ਼ਕਾਂ ਨੂੰ ਖੁਸ਼ ਕੀਤਾ ਸੀ। ਹੁਣ ਵਰੁਣ ਧਵਨ ਅਤੇ ਤਮੰਨਾ ਭਾਟੀਆ 'ਸਤ੍ਰੀ 2' 'ਚ ਐਂਟਰੀ ਕਰ ਚੁੱਕੇ ਹਨ। ਦੱਸਿਆ ਜਾ ਰਿਹਾ ਹੈ ਕਿ ਫ਼ਿਲਮ 'ਚ ਦੋਵਾਂ ਦੀ ਖਾਸ ਭੂਮਿਕਾ ਹੈ। ਇਸ ਦੇ ਨਾਲ ਹੀ ਫ਼ਿਲਮ 'ਸਤ੍ਰੀ 2' 'ਚ ਅਕਸ਼ੈ ਕੁਮਾਰ ਦੀ ਖ਼ਾਸ ਭੂਮਿਕਾ ਵੀ ਦੱਸੀ ਜਾ ਰਹੀ ਹੈ। ਦੱਸ ਦੇਈਏ ਕਿ 'ਸਤ੍ਰੀ 2' 15 ਅਗਸਤ ਨੂੰ ਰਿਲੀਜ਼ ਹੋਣ ਜਾ ਰਹੀ ਹੈ। ਇਸ ਦਿਨ ਬਾਕਸ ਆਫਿਸ 'ਤੇ ਇੱਕ ਨਹੀਂ ਸਗੋਂ ਕਈ ਫ਼ਿਲਮਾਂ ਰਿਲੀਜ਼ ਹੋਣਗੀਆਂ। ਅਕਸ਼ੈ ਕੁਮਾਰ ਦੀ 'ਖੇਲ-ਖੇਲ ਮੇਂ' ਅਤੇ ਜਾਨ ਅਬ੍ਰਾਹਮ ਦੀ 'ਵੇਦਾ' ਵੀ 15 ਅਗਸਤ ਨੂੰ ਬਾਕਸ ਆਫਿਸ 'ਤੇ ਰਿਲੀਜ਼ ਹੋਵੇਗੀ।

## 'ਥੰਗਲਾਨ' ਦਾ ਪਹਿਲਾ ਸਿੰਗਲ 'ਮੁਰਗਾ-ਮੁਰਗੀ' ਹੋਇਆ ਰਿਲੀਜ਼




ਚਿਆਨ ਵਿਕਰਮ ਸਟਾਰਰ ਫਿਲਮ 'ਥੰਗਲਾਨ' ਦੇ ਦਿਲਚਸਪ ਟ੍ਰੇਲਰ ਦੇ ਰਿਲੀਜ਼ ਹੋਣ ਤੋਂ ਬਾਅਦ, ਨਿਰਮਾਤਾਵਾਂ ਨੇ ਇਸ ਇਤਿਹਾਸਕ ਫੈਂਟਸੀ ਡਰਾਮੇ ਦਾ ਪਹਿਲਾ ਸਿੰਗਲ ਟਰੈਕ 'ਮੁਰਗਾ ਮੁਰਗੀ' ਰਿਲੀਜ਼ ਕੀਤਾ ਹੈ। 'ਥੰਗਲਾਨ' ਕੇ. ਜੀ. ਐੱਫ. (ਕੋਲਾਰ ਗੋਲਡ ਫੀਲਡਜ਼) ਦੀ ਇਕ ਸੱਚੀ ਕਹਾਣੀ ਹੈ। ਜਦੋਂ ਕੇ. ਜੀ. ਐੱਫ. ਅੰਗਰੇਜ਼ਾਂ ਦੁਆਰਾ ਖੋਜਿਆ ਗਿਆ ਸੀ, ਜਿਨ੍ਹਾਂ ਨੇ ਆਪਣੇ ਉਦੇਸ਼ਾਂ ਲਈ ਇਸ ਨੂੰ ਪੂਰੀ ਤਰ੍ਹਾਂ ਲੁੱਟਿਆ। ਇਹ ਫਿਲਮ ਦਰਸ਼ਕਾਂ ਲਈ ਵਿਲੱਖਣ ਸੰਕਲਪ ਲਿਆਉਣ ਦੇ ਸਾਊਥ ਇੰਡਸਟਰੀ ਦੇ ਰੁਝਾਨ ਨੂੰ ਅੱਗੇ ਲਿਜਾਣ ਵਾਲੀ ਹੈ। ਇਹ ਇਕ ਹੋਰ ਸਾਊਥ ਇੰਡੀਅਨ ਫਿਲਮ ਹੈ ਜਿਸ ਦਾ ਕੰਸੈਪਟ ਬਹੁਤ ਹੀ ਵਿਲੱਖਣ ਹੈ। 'ਥੰਗਲਾਨ' ਵਿਚ ਮੁੱਖ ਭੂਮਿਕਾ 'ਚ ਮਾਲਵਿਕਾ ਮੋਹਨਨ ਵੀ ਹੈ, ਜੋ 15 ਅਗਸਤ, 2024 ਨੂੰ ਹਿੰਦੀ, ਤਾਮਿਲ, ਤੇਲਗੂ, ਕੰਨੜ ਤੇ ਮਲਿਆਲਮ ਵਿਚ ਦੁਨੀਆ ਭਰ 'ਚ ਰਿਲੀਜ਼ ਹੋਣ ਵਾਲੀ ਹੈ। ਫਿਲਮ ਦਾ ਸੰਗੀਤ ਜੀਵੀ ਪ੍ਰਕਾਸ਼ ਕੁਮਾਰ ਨੇ ਤਿਆਰ ਕੀਤਾ ਹੈ।

# ਬੇਟੀ ਦੇ ਜਨਮ ਦਿਨ 'ਤੇ ਆਪਣੇ ਜੱਦੀ ਪਿੰਡ 'ਚ ਬੂਟੇ ਲਗਾਉਣ ਦਾ ਸ਼ਲਾਘਾਯੋਗ ਉਪਰਾਲਾ



ਜੀ. ਐਚ.ਪੀ ਪੈਕਰਜ ਅਤੇ ਮੂਵਰਜ ਦੇ ਸੰਚਾਲਕ ਗੁਰਵਿੰਦਰ ਸਿੰਘ ਗੁਰੀ ਦੀ ਬੇਟੀ ਪਰਲੀਨ ਕੌਰ ਦੇ ਜਨਮ ਦਿਨ ਅਤੇ ਅਕਾਲ ਪੁਰਖ ਵੱਲੋਂ ਪਿਛਲੇ ਮਹੀਨੇ ਉਨ੍ਹਾਂ ਨੂੰ ਬਖਸ਼ੀ ਪੁੱਤਰ ਦੀ ਦਾਤ ਦੀ ਖੁਸ਼ੀ 'ਚ ਇਕ ਡਿਨਰ ਪਾਰਟੀ ਆਯੋਜਿਤ ਕੀਤੀ ਗਈ। ਇਸ ਡਿਨਰ ਪਾਰਟੀ ਦੌਰਾਨ ਪਰਿਵਾਰ ਵੱਲੋਂ ਪੰਜਾਬ ਦੇ ਵਾਤਾਵਰਨ ਸਬੰਧੀ ਸੁਚੇਤ ਹੁੰਦਿਆਂ ਆਪਣੇ ਜੱਦੀ ਪਿੰਡ ਪੰਜਗਰਾਈਆਂ ਵਾਹਲਾ ਨੇੜੇ ਰਮਦਾਸ (ਅੰਮ੍ਰਿਤਸਰ) ਵਿਖੇ 11 ਹਜ਼ਾਰ ਰੁਪਏ ਦੇ ਛਾਂਦਾਰ ਬੂਟੇ ਲਗਾਉਣ ਦਾ ਸ਼ਲਾਘਾਯੋਗ ਉਪਰਾਲਾ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਗੁਰਵਿੰਦਰ ਸਿੰਘ ਗੁਰੀ ਅਤੇ ਉਨ੍ਹਾਂ ਦੀ ਧਰਮ ਪਤਨੀ ਹਰਿੰਦਰ ਕੌਰ ਨੇ ਦੱਸਿਆ ਕਿ ਸਾਡੇ ਪਰਿਵਾਰ ਦੀ ਚਿਰੋਕਣੀ ਇੱਛਾ ਰਹੀ ਹੈ ਕਿ ਆਪਣੀ ਕਿਰਤ ਕਮਾਈ 'ਚੋਂ ਕੁਝ ਪੈਸੇ ਕਿਸੇ ਸਾਂਝੇ ਸਮਾਜਿਕ ਕਾਰਜ ਲਈ ਖਰਚ ਕੀਤੇ ਜਾਣ। ਇਸੇ ਤਹਿਤ ਅਸੀਂ ਆਪਣੀ ਬੇਟੀ ਪਰਲੀਨ ਕੌਰ ਦੇ ਜਨਮ ਦਿਨ ਅਤੇ ਬੇਟੇ ਗੁਰਸਹਿਬ ਸਿੰਘ ਦੇ ਜਨਮ ਦੀ ਖੁਸੀ ਮੌਕੇ ਜਿਥੇ ਕਿ ਸਾਕ ਸਬੰਧੀਆਂ ਨਾਲ ਡਿਨਰ ਪਾਰਟੀ ਸਾਂਝੀ ਕਰਨ ਦਾ ਫ਼ੈਸਲਾ ਕੀਤਾ, ਉਥੇ ਰੁੱਖਾਂ ਦੀ ਘਾਟ ਕਾਰਨ ਗੰਧਲੇ ਹੋ ਰਹੇ ਪੰਜਾਬ ਦੇ ਵਾਤਾਵਰਨ ਸਬੰਧੀ ਸਚੇਤ ਹੁੰਦਿਆਂ ਆਪਣੇ ਜੱਦੀ ਪਿੰਡ ਪੰਜਗਰਾਈਆਂ ਵਾਹਲਾ ਨੇੜੇ ਰਮਦਾਸ (ਅੰਮ੍ਰਿਤਸਰ) 'ਚ ਨਵੇਂ ਬੂਟੇ ਲਗਾਉਣ ਲਈ 11 ਹਜਾਰ ਰੁਪਏ ਦੀ ਰਾਸ਼ੀ ਪੰਜਾਬ ਭੇਜਣ ਦਾ ਫ਼ੈਸਲਾ ਲਿਆ। ਉਨ੍ਹਾਂ ਪੰਜਾਬੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਜਿੱਥੇ ਉਹ ਆਪਣੇ ਖੁਸ਼ੀ ਮੌਕੇ 'ਤੇ ਹੋਰ ਖਰਚੇ ਕਰਦੇ ਹਨ ਉਥੇ ਪੰਜਾਬ ਵਿਚ ਨਵੇਂ ਬੂਟੇ ਲਗਾਉਣ 'ਚ ਵੀ ਸਹਿਯੋਗ ਕਰਨਾ ਚਾਹੀਦਾ ਹੈ।

# ਦਿੱਲੀ ਤੋਂ ਸੈਨ ਫ੍ਰਾਂਸਿਸਕੋ ਜਾ ਰਹੀ ਏਅਰ ਇੰਡੀਆ ਉਡਾਣ ਦੀ ਰੂਸ ਚ ਹੋਈ ਐਮਰਜੈਂਸੀ ਲੈਂਡਿੰਗ




ਦਿੱਲੀ ਤੋਂ ਸੈਨ ਫ੍ਰਾਂਸਿਸਕੋ ਜਾਣ ਵਾਲੀ ਏਅਰ ਇੰਡੀਆ ਦੀ ਉਡਾਣ AI-183 ਨੂੰ ਤਕਨੀਕੀ ਖਰਾਬੀ ਕਾਰਨ ਰੂਸ ਦੇ ਕ੍ਰਾਸਨੋਯਾਰਸਕ ਅੰਤਰਰਾਸ਼ਟਰੀ ਹਵਾਈ ਅੱਡੇ (UNKL) ਵੱਲ ਮੋੜ ਦਿੱਤਾ ਗਿਆ ਹੈ। ਪਿਛਲੇ 13 ਮਹੀਨਿਆਂ ਵਿੱਚ ਇਹ ਏਅਰ ਇੰਡੀਆ ਦੀ ਦੂਜੀ ਉਡਾਣ ਹੈ ਜਿਸ ਨੇ ਰੂਸ ਵਿੱਚ ਐਮਰਜੈਂਸੀ ਲੈਂਡਿੰਗ ਕੀਤੀ ਹੈ।

ਏਅਰ ਇੰਡੀਆ ਨੇ ਟਵੀਟ ਕੀਤਾ, ''ਦਿੱਲੀ ਤੋਂ ਸੈਨ ਫਰਾਂਸਿਸਕੋ ਜਾਣ ਵਾਲੀ ਏਅਰ ਇੰਡੀਆ ਦੀ ਉਡਾਣ AI-183 ਨੂੰ ਤਕਨੀਕੀ ਕਾਰਨ ਕਰਕੇ ਰੂਸ ਦੇ ਕ੍ਰਾਸਨੋਯਾਰਸਕ ਅੰਤਰਰਾਸ਼ਟਰੀ ਹਵਾਈ ਅੱਡੇ (UNKL) ਵੱਲ ਮੋੜ ਦਿੱਤਾ ਗਿਆ ਹੈ। ਜਹਾਜ਼ ਸੁਰੱਖਿਅਤ ਢੰਗ ਨਾਲ ਲੈਂਡ ਕਰ ਗਿਆ ਹੈ ਅਤੇ ਅਸੀਂ ਯਾਤਰੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸੰਬੰਧਿਤ ਅਧਿਕਾਰੀਆਂ ਨਾਲ ਮਿਲ ਕੇ ਕੰਮ ਕਰ ਰਹੇ ਹਾਂ। ਏਅਰ ਇੰਡੀਆ ਵਿੱਚ, ਗਾਹਕਾਂ ਅਤੇ ਚਾਲਕ ਦਲ ਦੀ ਸੁਰੱਖਿਆ ਅਤੇ ਤੰਦਰੁਸਤੀ ਸਭ ਤੋਂ ਵੱਡੀ ਤਰਜੀਹ ਹੈ।”

# ਬ੍ਰਿਟੇਨ ਦੇ ਲੀਡਸ 'ਚ ਦੰਗੇ, ਅੱਗਜ਼ਨੀ, ਪੁਲਸ ਦੀ ਕਾਰ 'ਤੇ ਵੀ ਹਮਲਾ (ਵੀਡੀਓ)






ਯੂਨਾਈਟਿਡ ਕਿੰਗਡਮ (ਯੂ.ਕੇ.) ਦੇ ਲੀਡਜ਼ ਸ਼ਹਿਰ ਵਿੱਚ ਬੀਤੀ ਰਾਤ ਭਾਰੀ ਦੰਗੇ ਹੋਏ। ਸ਼ਹਿਰ ਦੇ ਮੱਧ ਵਿਚ ਵੱਡੀ ਗਿਣਤੀ ਵਿਚ ਲੋਕ ਇਕੱਠੇ ਹੋ ਗਏ ਅਤੇ ਹੰਗਾਮਾ ਕੀਤਾ। ਇਨ੍ਹਾਂ ਲੋਕਾਂ ਨੇ ਇਕ ਬੱਸ ਨੂੰ ਅੱਗ ਲਗਾ ਦਿੱਤੀ। ਪੁਲਸ ਦੀਆਂ ਗੱਡੀਆਂ 'ਤੇ ਵੀ ਹਮਲਾ ਕੀਤਾ ਗਿਆ। ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਘਟਨਾ ਦੀ ਵੀਡੀਓ 'ਚ ਦੰਗਾਕਾਰੀਆਂ ਦੀ ਭੀੜ 'ਚ ਬੱਚੇ ਵੀ ਦੇਖੇ ਜਾ ਸਕਦੇ ਹਨ। ਸੋਸ਼ਲ ਮੀਡੀਆ 'ਤੇ ਵਾਇਰਲ ਵੀਡੀਓ 'ਚ ਦੇਖਿਆ ਜਾ ਸਕਦਾ ਹੈ ਕਿ ਵੱਡੀ ਗਿਣਤੀ 'ਚ ਲੋਕ ਪੁਲਸ ਦੀ ਕਾਰ 'ਤੇ ਹਮਲਾ ਕਰ ਰਹੇ ਹਨ। ਭੀੜ ਪੁਲਸ ਵੈਨ ਨੂੰ ਪਲਟਦੀ ਨਜ਼ਰ ਆ ਰਹੀ ਹੈ ਪਰ ਇਸ ਤੋਂ ਪਹਿਲਾਂ ਇਸ ਦੀਆਂ ਖਿੜਕੀਆਂ ਤੋੜੀਆਂ ਜਾ ਰਹੀਆਂ ਹਨ। ਵੀਡੀਓ 'ਚ ਇਕ ਵਿਅਕਤੀ ਬੱਸ ਨੂੰ ਅੱਗ ਲਗਾਉਂਦੇ ਹੋਏ ਦਿਖਾਈ ਦੇ ਰਿਹਾ ਹੈ ਜਦਕਿ ਕੁਝ ਲੋਕ ਕੂੜਾ ਸੁੱਟ ਰਹੇ ਹਨ। ਇਕ ਹੋਰ ਵੀਡੀਓ 'ਚ ਦੇਖਿਆ ਜਾ ਸਕਦਾ ਹੈ ਕਿ ਕੁਝ ਲੋਕ ਇਕ ਵੱਡਾ ਫਰੀਜ਼ਰ ਲਿਆ ਕੇ ਸੜਕ 'ਤੇ ਲੱਗੀ ਅੱਗ 'ਚ ਸੁੱਟ ਰਹੇ ਹਨ। ਇਨ੍ਹਾਂ ਦੰਗਿਆਂ ਕਾਰਨ ਕਈ ਸੜਕਾਂ ਨੂੰ ਜਾਮ ਕਰ ਦਿੱਤਾ ਗਿਆ। ਲੋਕਾਂ ਨੂੰ ਇਸ ਖੇਤਰ 'ਚ ਜਾਣ ਤੋਂ ਬਚਣ ਦੀ ਸਲਾਹ ਦਿੱਤੀ ਗਈ ਹੈ ਜਦੋਂ ਤੱਕ ਕਿ ਸਥਿਤੀ 'ਤੇ ਕਾਬੂ ਨਹੀਂ ਪਾਇਆ ਜਾਂਦਾ ਹੈ। ਉਹ ਸਥਿਤੀ 'ਤੇ ਲਗਾਤਾਰ ਨਜ਼ਰ ਰੱਖੇ ਹੋਏ ਹਨ। ਹੈਰਹਿਲਜ਼ ਵਿੱਚ ਵੱਡੀ ਗਿਣਤੀ ਵਿੱਚ ਪੁਲਸ ਤਾਇਨਾਤ ਕੀਤੀ ਗਈ ਹੈ।

### ਦੰਗਿਆਂ ਬਾਰੇ ਚਸ਼ਮਦੀਦ ਨੇ ਕਹੀ ਇਹ ਗੱਲ

ਲੀਡਜ਼ ਸ਼ਹਿਰ 'ਚ ਅਚਾਨਕ ਭੜਕ ਉੱਠੇ ਇਨ੍ਹਾਂ ਦੰਗਿਆਂ 'ਤੇ 26 ਸਾਲਾ ਰੀਸਾ ਨੇ ਦੱਸਿਆ ਕਿ ਦੰਗਾਕਾਰੀ ਪੁਲਸ ਵੈਨ 'ਤੇ ਵੀ ਹਮਲਾ ਕਰ ਰਹੇ ਸਨ। ਉਹ ਪੁਲਸ ਵੈਨ 'ਤੇ ਪੱਥਰਾਂ ਤੋਂ ਲੈ ਕੇ ਪੀਣ ਵਾਲੇ ਪਦਾਰਥਾਂ ਅਤੇ ਕੂੜਾ ਤੱਕ ਜੋ ਵੀ ਲੱਭ ਸਕਦੇ ਹਨ, ਸੁੱਟ ਰਹੇ ਹਨ। ਰੀਸਾ ਨੇ ਦੱਸਿਆ ਕਿ ਇਸ ਇਲਾਕੇ 'ਚ ਦੰਗਾਕਾਰੀਆਂ ਨੇ ਇਕ ਬੱਸ ਨੂੰ ਘੇਰ ਲਿਆ। ਬੱਸ ਚਾਲਕ ਨੇ ਬੱਸ ਨੂੰ ਉਥੋਂ ਕੱਢਣ ਦੀ ਕਾਫੀ ਕੋਸ਼ਿਸ਼ ਕੀਤੀ ਪਰ ਜਦੋਂ ਉਹ ਅਜਿਹਾ ਨਾ ਕਰ ਸਕਿਆ ਤਾਂ ਉਹ ਬੱਸ ਨੂੰ ਉਥੇ ਹੀ ਛੱਡ ਕੇ ਆਪਣੀ ਜਾਨ ਬਚਾਉਣ ਲਈ ਭੱਜ ਗਿਆ। ਗਿਪਟਨ ਅਤੇ ਹਾਰਹਿਲਸ ਦੀ ਕੌਂਸਲਰ ਸਲਮਾ ਆਰਿਫ ਨੇ ਸਥਾਨਕ ਲੋਕਾਂ ਨੂੰ ਘਰਾਂ ਦੇ ਅੰਦਰ ਰਹਿਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਵੀਡੀਓ ਪੋਸਟ ਕਰਕੇ ਕਿਹਾ ਕਿ ਹੇਅਰ ਹਿਲਸ 'ਚ ਫਿਲਹਾਲ ਸਥਿਤੀ ਠੀਕ ਨਹੀਂ ਹੈ।

### ਲੀਡਜ਼ ਵਿੱਚ ਦੰਗਿਆਂ ਦੀ ਵਜ੍ਹਾ

ਦੱਸਿਆ ਜਾ ਰਿਹਾ ਹੈ ਕਿ ਸਥਾਨਕ ਚਾਈਲਡ ਕੇਅਰ ਏਜੰਸੀ ਵੱਲੋਂ ਬੱਚਿਆਂ ਨੂੰ ਉਨ੍ਹਾਂ ਦੇ ਮਾਪਿਆਂ ਤੋਂ ਵੱਖ ਕਰਕੇ ਬਾਲ ਸੰਭਾਲ ਘਰ ਵਿੱਚ ਰੱਖਿਆ ਜਾ ਰਿਹਾ ਹੈ। ਪਿਛਲੇ ਕੁਝ ਦਿਨਾਂ ਵਿੱਚ ਬਹੁਤ ਸਾਰੇ ਬੱਚਿਆਂ ਨੂੰ ਬਾਲ ਸੰਭਾਲ ਘਰਾਂ ਵਿੱਚ ਰੱਖਿਆ ਗਿਆ ਹੈ। ਦਰਅਸਲ ਜੇਕਰ ਪ੍ਰਸ਼ਾਸਨ ਨੂੰ ਲੱਗਦਾ ਹੈ ਕਿ ਪਰਿਵਾਰ ਦੇ ਮੈਂਬਰਾਂ ਦੀ ਦੇਖ-ਰੇਖ ਵਿਚ ਬੱਚੇ ਦਾ ਪਾਲਣ-ਪੋਸ਼ਣ ਸਹੀ ਢੰਗ ਨਾਲ ਨਹੀਂ ਹੋ ਰਿਹਾ ਹੈ, ਤਾਂ ਅਜਿਹੇ ਬੱਚਿਆਂ ਨੂੰ ਬਾਲ ਸੰਭਾਲ ਘਰਾਂ ਵਿਚ ਰੱਖਿਆ ਜਾਂਦਾ ਹੈ। ਇਸ ਦੇ ਵਿਰੋਧ 'ਚ ਲੋਕ ਸੜਕਾਂ 'ਤੇ ਉਤਰ ਕੇ ਪ੍ਰਦਰਸ਼ਨ ਕਰ ਰਹੇ ਹਨ।



# ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰੀ ’ਤੇ ਵਿਚਾਰ ਕਰਨ ਬਾਈਡੇਨ: ਓਬਾਮਾ, ਪੇਲੋਸੀ

ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਰਾਸ਼ਟਰਪਤੀ ਜੋਅ ਬਾਈਡੇਨ ਦੀ ਉਮੀਦਵਾਰੀ ਨੂੰ ਲੈ ਕੇ ਡੈਮੋਕ੍ਰੇਟਿਕ ਪਾਰਟੀ ਦੇ ਨੇਤਾਵਾਂ ਨੂੰ ਨਿੱਜੀ ਤੌਰ 'ਤੇ ਚਿੰਤਾ ਜ਼ਾਹਰ ਕੀਤੀ ਹੈ। ਇਸ ਦੇ ਨਾਲ ਹੀ, ਪ੍ਰਤੀਨਿਧ ਸਦਨ ਦੀ ਸਪੀਕਰ ਨੈਨਸੀ ਪੇਲੋਸੀ ਨੇ ਬਾਈਡੇਨ (81) ਨੂੰ ਨਿੱਜੀ ਤੌਰ 'ਤੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਉਹ ਉਮੀਦਵਾਰੀ ਦੀ ਦੌੜ ਤੋਂ ਪਿੱਛੇ ਨਹੀਂ ਹਟਦੇ ਤਾਂ ਡੈਮੋਕ੍ਰੇਟਿਕ ਪਾਰਟੀ ਸਦਨ ਦਾ ਕੰਟਰੋਲ ਹਾਸਲ ਕਰਨ ਦੀ ਸਮਰੱਥਾ ਗੁਆ ਸਕਦੀ ਹੈ। ਇਸ ਮਾਮਲੇ ਤੋਂ ਜਾਣੂ ਸੂਤਰਾਂ ਅਨੁਸਾਰ ਪੇਲੋਸੀ ਨੇ ਬਿਡੇਨ ਨੂੰ ਇਹ ਵੀ ਕਿਹਾ ਹੈ ਕਿ ਉਹ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਪ ਨੂੰ ਹਰਾਉਣ ਦੇ ਯੋਗ ਨਹੀਂ ਹੋ ਸਕਦੇ ਹਨ।

ਹਾਲਾਂਕਿ, ਬਾਈਡੇਨ ਨੇ ਕਿਹਾ ਹੈ ਕਿ ਉਹ ਮੁਕਾਬਲੇ ਤੋਂ ਪਿੱਛੇ ਨਹੀਂ ਹਟ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਅਜਿਹਾ ਉਮੀਦਵਾਰ ਹੈ ਜਿਸ ਨੇ ਪਹਿਲਾਂ ਵੀ ਟਰੰਪ ਨੂੰ ਹਰਾਇਆ ਹੈ ਅਤੇ ਇਸ ਵਾਰ ਵੀ ਅਜਿਹਾ ਹੀ ਕਰੇਗਾ। ਬਾਈਡੇਨ ਦੇ ਦੌੜ ਤੋਂ ਹਟਣ ਦੇ ਵਿਚਾਰ 'ਤੇ ਨਰਮ ਹੋਣ ਦੀਆਂ ਰਿਪੋਰਟਾਂ ਬਾਰੇ ਪੁੱਛੇ ਜਾਣ 'ਤੇ, ਉਨ੍ਹਾਂ ਦੇ ਉਪ ਮੁਹਿੰਮ ਪ੍ਰਬੰਧਕ ਕਵਾਂਟਿਨ ਫੁਲਕਸ ਨੇ ਵੀਰਵਾਰ ਨੂੰ ਕਿਹਾ, "ਉਹ ਆਪਣੀ ਉਮਰ ਦੇ ਕਾਰਨ ਬਾਈਡੇਨ 'ਤੇ ਆਪਣੀ ਉਮੀਦਵਾਰੀ 'ਤੇ ਮੁੜ ਵਿਚਾਰ ਕਰਨ ਲਈ ਵੀ ਜ਼ੋਰ ਦੇ ਰਹੇ ਹਨ।" ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਇੱਕ ਵਾਰ ਫਿਰ ਕੋਵਿਡ-19 ਨਾਲ ਸੰਕਰਮਿਤ ਹੋਏ ਹਨ। ਹਾਲਾਂਕਿ, ਉਨ੍ਹਾਂ ਵਿੱਚ ਲਾਗ ਦੇ 'ਹਲਕੇ ਲੱਛਣ' ਹਨ। ਇਸ ਨਾਲ ਉਨ੍ਹਾਂ ਨੂੰ ਰਾਸ਼ਟਰਪਤੀ ਚੋਣ ਮੁਹਿੰਮ ਦੇ ਅਹਿਮ ਮੋੜ 'ਤੇ ਆਪਣਾ ਪ੍ਰਚਾਰ ਰੋਕਣਾ ਪਿਆ ਹੈ।

# ਰੱਬ ਦੀ ਕਿਰਪਾ ਨਾਲ ਹੀ ਅੱਜ ਮੈਂ ਤੁਹਾਡੇ ਸਾਹਮਣੇ ਖੜ੍ਹਾ ਹਾਂ



ਸਾਬਕਾ ਰਿਪਬਲਿਕਨ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਪਰਮਾਤਮਾ ਉਨ੍ਹਾਂ ਦੇ ਨਾਲ ਹੈ। ਉਨ੍ਹਾਂ ਦੀ ਕਿਰਪਾ ਨਾਲ ਮੈਂ ਅੱਜ ਤੁਹਾਡੇ ਸਾਹਮਣੇ ਖੜ੍ਹਾ ਹਾਂ। ਟਰੰਪ ਨੇ ਗੋਲੀਬਾਰੀ ਦੀ ਘਟਨਾ ਨੂੰ ਯਾਦ ਕਰਦਿਆਂ ਮਿਲਵਾਕੀ ਵਿੱਚ ਰਿਪਬਲਿਕਨ ਪਾਰਟੀ ਦੀ ਕਨਵੈਨਸ਼ਨ ਦੌਰਾਨ ਸੰਬੋਧਨ ਕੀਤਾ। ਪਿਛਲੇ ਸ਼ਨੀਵਾਰ ਦੀ ਹੱਤਿਆ ਦੀ ਕੋਸ਼ਿਸ਼ ਤੋਂ ਬਾਅਦ ਪਹਿਲੀ ਵਾਰ ਟਰੰਪ ਨੇ ਜਨਤਕ ਤੌਰ 'ਤੇ ਆਪਣੇ ਤੇ ਹੋਏ ਹਮਲੇ ਦਾ ਜਿਕਰ ਕੀਤਾ ਹੈ। ਟਰੰਪ ਨੇ ਦਾਅਵਾ ਕੀਤਾ ਕਿ ਖੂਨ-ਖਰਾਬੇ ਦੇ ਬਾਵਜੂਦ, ਉਹ ਸੁਰੱਖਿਅਤ ਮਹਿਸੂਸ ਕਰਦਾ ਹਨ, ਕਿਉਂਕਿ ਰੱਬ ਉਸ ਦੇ ਨਾਲ ਸੀ।

ਟਰੰਪ ਨੇ ਕਿਹਾ ਕਿ ਜੇਕਰ ਉਸ ਨੇ ਆਖਰੀ ਸਮੇਂ ਆਪਣਾ ਸਿਰ ਨਾ ਮੋੜਿਆ ਹੁੰਦਾ ਤਾਂ ਗੋਲੀ ਨਿਸ਼ਾਨੇ 'ਤੇ ਲੱਗ ਜਾਂਦੀ ਅਤੇ ਅੱਜ ਮੈਂ ਤੁਹਾਡੇ ਨਾਲ ਇੱਥੇ ਨਾ ਹੁੰਦਾ। ਉਨ੍ਹਾਂ ਕਿਹਾ ਕਿ ਉਹ ਪਰਮਾਤਮਾ ਦੀ ਮਿਹਰ ਸਦਕਾ ਤੁਹਾਡੇ ਸਾਹਮਣੇ ਖੜ੍ਹੇ ਹਨ। ਟਰੰਪ ਨੇ ਰਿਪਬਲਿਕਨ ਉਮੀਦਵਾਰ ਵਜੋਂ ਰਾਸ਼ਟਰਪਤੀ ਚੋਣ ਲੜਨ ਲਈ ਨਾਮਜ਼ਦਗੀ ਸਵੀਕਾਰ ਕਰ ਲਈ ਹੈ। ਉਹ ਰਿਪਬਲਿਕਨ ਪਾਰਟੀ ਦੀ ਕਨਵੈਨਸ਼ਨ ਨੂੰ ਸੰਬੋਧਨ ਕਰ ਰਹੇ ਸਨ। ਜੋ ਇੱਕ ਪਰਿਵਾਰਕ ਜਸ਼ਨ ਬਣ ਗਈ, ਜਿਸ ਵਿੱਚ ਚਾਰ ਦਿਨਾਂ ਦੀ ਬੈਠਕ 'ਚ ਪੂਰਾ ਟਰੰਪ ਪਰਿਵਾਰ ਸ਼ਾਮਲ ਹੋਇਆ। ਟਰੰਪ ਦੇ ਪਰਿਵਾਰਕ ਮੈਂਬਰ ਵੀ.ਆਈ.ਪੀ ਬਾਕਸ ਵਿੱਚ ਨਜ਼ਰ ਆਏ। ਉਸ ਮੁਲਾਕਾਤ ਰਾਹੀਂ ਉਸ ਨੇ ਪਰਿਵਾਰਕ ਆਦਮੀ ਹੋਣ ਦਾ ਸੰਕੇਤ ਦਿੱਤਾ। ਆਪਣੇ ਭਾਸ਼ਣ ਦੌਰਾਨ ਉਨ੍ਹਾਂ ਨੇ ਆਪਣੀ ਪਤਨੀ ਮੇਲਾਨੀਆ ਅਤੇ ਪਰਿਵਾਰਕ ਮੈਂਬਰਾਂ ਦਾ ਵੀ ਧੰਨਵਾਦ ਕੀਤਾ। ਟਰੰਪ ਨੇ ਕਿਹਾ ਕਿ ਫਲੋਰਿਡਾ ਕੇਸ ਨੇ ਉਨ੍ਹਾਂ ਖ਼ਿਲਾਫ਼ ਦਰਜ ਦਸਤਾਵੇਜ਼ਾਂ ਦੇ ਕੇਸ ਨੂੰ ਖਾਰਜ ਕਰ ਦਿੱਤਾ ਹੈ। ਅਤੇ ਇੱਕ ਉੱਚ ਮਾਣਯੋਗ ਸੰਘੀ ਜੱਜ ਨੇ ਇਹ ਫ਼ੈਸਲਾ ਦਿੱਤਾ ਹੈ। ਟਰੰਪ ਨੇ ਕਿਹਾ ਕਿ ਨਿਆਂ ਵਿਭਾਗ ਨੇ ਜੱਜ ਈਲੀਨ ਕੈਨਨ ਦੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਅਤੇ ਕਿਹਾ ਕਿ ਜੇਕਰ ਡੈਮੋਕਰੇਟ ਚਾਹੁੰਦੇ ਹਨ ਕਿ ਦੇਸ਼ ਇਕਜੁੱਟ ਹੋਵੇ, ਤਾਂ ਉਨ੍ਹਾਂ ਨੂੰ ਇਹ ਕੇਸ ਛੱਡ ਦੇਣਾ ਚਾਹੀਦਾ ਹੈ। ਟਰੰਪ ਨੇ ਕਿਹਾ ਕਿ ਟਿਪਸ 'ਤੇ ਕੋਈ ਟੈਕਸ ਨਹੀਂ ਹੈ। ਟਰੰਪ ਨੇ ਕਿਹਾ ਕਿ ਜੇਕਰ ਤੁਸੀਂ ਰੈਸਟੋਰੈਂਟ ਵਰਕਰ, ਬਾਰਟੈਂਡਰ, ਪਰਾਹੁਣਚਾਰੀ ਕਰਮਚਾਰੀ, ਨਾਈ ਜਾਂ ਡਰਾਈਵਰ ਹੋ, ਤਾਂ ਤੁਹਾਡੇ 100 ਪ੍ਰਤੀਸ਼ਤ ਸੁਝਾਅ ਤੁਹਾਡੇ ਹਨ। ਉਨ੍ਹਾਂ ਇਹ ਗੱਲ ਚੋਣ ਪ੍ਰਚਾਰ ਦੇ ਹਿੱਸੇ ਵਜੋਂ ਕਹੀ। ਟਰੰਪ ਟਿਪਸ ਤੋਂ ਆਮਦਨ 'ਤੇ ਟੈਕਸ ਲਗਾਉਣਾ ਚਾਹੁੰਦਾ ਹੈ, ਪਰ ਉਸ ਟੈਕਸ ਤੋਂ ਛੋਟ ਦਿੰਦਾ ਹੈ। ਉਸਨੇ ਕਿਹਾ ਕਿ ਉਸਨੇ ਲਾਸ ਵੇਗਾਸ ਦੇ ਇੱਕ ਹੋਟਲ ਵਿੱਚ ਇੱਕ ਵੇਟਰੈਸ ਨਾਲ ਗੱਲ ਕਰਨ ਤੋਂ ਬਾਅਦ ਇਹ ਫ਼ੈਸਲਾ ਲਿਆ ਹੈ।ਟਰੰਪ ਨੇ ਪੈਨਸਿਲਵੇਨੀਆ ਵਿੱਚ ਹੋਈ ਗੋਲੀਬਾਰੀ ਦੌਰਾਨ ਆਪਣੀ ਜਾਨ ਗੁਆਉਣ ਵਾਲੇ ਫਾਇਰ ਫਾਈਟਰ ਨੂੰ ਵੀ ਸ਼ਰਧਾਂਜਲੀ ਦਿੱਤੀ। 50 ਸਾਲਾ ਫਾਇਰ ਚੀਫ ਜੋ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਬਚਾਉਣ ਲਈ ਅੱਗੇ ਵਧਿਆ ਸੀ ਅਤੇ ਗੋਲੀ ਲੱਗਣ ਨਾਲ ਉਸ ਦੀ ਜਾਨ ਚਲੀ ਗਈ ਸੀ। ਸੰਮੇਲਨ ਵਿੱਚ ਫਾਇਰ ਫਾਈਟਰਜ਼ ਦੇ ਪਹਿਰਾਵੇ ਨੂੰ ਵੀ ਪ੍ਰਦਰਸ਼ਿਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

# ਰਾਜਸਥਾਨ ਦੇ ਮਸ਼ਹੂਰ ਮੰਦਰ |

ਭਾਰਤ ਦੇ ਜ਼ਿਆਦਾਤਰ ਸ਼ਹਿਰਾਂ ਦੀ ਤਰ੍ਹਾਂ, ਜੈਪੁਰ ਦਾ ਵੀ ਆਪਣਾ ਬਿਰਲਾ ਮੰਦਰ ਹੈ, ਜੋ ਰਾਜਸਥਾਨ ਦੇ ਸਭ ਤੋਂ ਵੱਧ ਵੇਖੇ ਜਾਣ ਵਾਲੇ ਮੰਦਰਾਂ ਵਿੱਚੋਂ ਇੱਕ ਹੈ। ਲਕਸ਼ਮੀ-ਨਾਰਾਇਣ ਮੰਦਿਰ ਵਜੋਂ ਵੀ ਜਾਣਿਆ ਜਾਂਦਾ ਹੈ, ਇਹ ਦੱਖਣੀ ਜੈਪੁਰ ਦੀ ਸਕਾਈਲਾਈਨ ਵਿੱਚ ਇੱਕ ਧਿਆਨ ਦੇਣ ਯੋਗ ਮੌਜੂਦਗੀ ਦਾ ਆਨੰਦ ਮਾਣਦਾ ਹੈ। ਇਹ ਹਰ ਸਮੇਂ ਇੱਕ ਤਾਜ਼ਗੀ ਵਾਲੀ ਦਿੱਖ ਪਾਉਂਦਾ ਹੈ, ਚਿੱਟੇ ਸੰਗਮਰਮਰ ਦਾ ਧੰਨਵਾਦ ਜਿਸ ਨਾਲ ਇਹ ਬਣਾਇਆ ਗਿਆ ਸੀ। 1998 ਵਿੱਚ ਖੁਸ਼ਹਾਲ ਬਿਰਲਾ ਪਰਿਵਾਰ ਦੁਆਰਾ ਬਣਾਇਆ ਗਿਆ, ਇਹ ਭਗਵਾਨ ਵਿਸ਼ਨੂੰ ਅਤੇ ਉਸਦੀ ਸਾਥੀ, ਦੇਵੀ ਲਕਸ਼ਮੀ ਨੂੰ ਸਮਰਪਿਤ ਹੈ, ਜੋ ਹਿੰਦੂ ਧਰਮ ਵਿੱਚ ਚੰਗੀ ਕਿਸਮਤ ਅਤੇ ਕਿਸਮਤ ਲਿਆਉਂਦੀ ਹੈ। ਇਸ ਮੰਦਰ ਬਾਰੇ ਹਰ ਚੀਜ਼ ਅਸਾਧਾਰਣ ਹੈ, ਹਰ ਕੋਨਾ ਸੰਪੂਰਨਤਾ ਦਾ ਕੰਮ ਹੈ। ਮੰਦਰ ਦੇ ਅੰਦਰ ਦੀਆਂ ਮੂਰਤੀਆਂ ਵਿੱਚ ਕਈ ਮਿਥਿਹਾਸਕ ਵਿਸ਼ੇ ਝਲਕਦੇ ਹਨ। ਉਨ੍ਹਾਂ ਵਿਚੋਂ ਇਕ ਲਕਸ਼ਮੀ ਅਤੇ ਨਾਰਾਇਣ ਦੀ ਵਿਸ਼ੇਸ਼ਤਾ ਹੈ। ਇਨ੍ਹਾਂ ਨੂੰ ਸੰਗਮਰਮਰ ਦੇ ਇੱਕ ਟੁਕੜੇ ਤੋਂ ਉੱਕਰਿਆ ਗਿਆ ਹੈ, ਜੋ ਕਿ ਕੋਈ ਆਮ ਕਾਰਨਾਮਾ ਨਹੀਂ ਹੈ।







ਪੁਸ਼ਕਰ ਵਿੱਚ ਬ੍ਰਹਮਾ ਮੰਦਰ ਰਾਜਸਥਾਨ ਵਿੱਚ ਇੱਕ ਬਹੁਤ ਮਹੱਤਵਪੂਰਨ ਧਾਰਮਿਕ ਸੈਰ-ਸਪਾਟਾ ਸਥਾਨ ਹੈ। ਇਹ ਮੰਦਰ ਲਗਭਗ 2000 ਸਾਲ ਪੁਰਾਣਾ ਮੰਨਿਆ ਜਾਂਦਾ ਹੈ ਅਤੇ ਹਿੰਦੂ ਧਰਮ ਵਿੱਚ ਸ੍ਰਿਸ਼ਟੀ ਦੇ ਦੇਵਤਾ ਬ੍ਰਹਮਾ ਨੂੰ ਸਮਰਪਿਤ ਹੈ। ਹਾਲਾਂਕਿ ਪੁਸ਼ਕਰ ਵਿੱਚ ਲਗਭਗ 500 ਮੰਦਰ ਹਨ, ਬ੍ਰਹਮਾ ਮੰਦਰ ਉਨ੍ਹਾਂ ਸਾਰਿਆਂ ਵਿੱਚੋਂ ਸਭ ਤੋਂ ਮਹੱਤਵਪੂਰਨ ਹੈ। ਇਸ ਮੰਦਰ ਦਾ ਸ਼ਰਧਾਲੂਆਂ ਦੇ ਮਨਾਂ ਵਿਚ ਵਿਸ਼ੇਸ਼ ਮਹੱਤਵ ਹੈ। ਇਹ ਮੰਨਿਆ ਜਾਂਦਾ ਹੈ ਕਿ ਭਗਵਾਨ ਬ੍ਰਹਮਾ ਨੇ ਧਰਤੀ 'ਤੇ ਆ ਕੇ ਉਸੇ ਥਾਂ 'ਤੇ ਯੱਗ ਕੀਤਾ ਸੀ ਜਿੱਥੇ ਅੱਜ ਇਹ ਮੰਦਰ ਖੜ੍ਹਾ ਹੈ। ਮੰਦਰ ਦੇ ਪਾਵਨ ਅਸਥਾਨ ਵਿੱਚ ਭਗਵਾਨ ਬ੍ਰਹਮਾ ਦੀ ਉਸਦੀ ਪਤਨੀ ਗਾਇਤਰੀ ਦੇ ਨਾਲ ਮੂਰਤੀ ਹੈ। ਸੰਗਮਰਮਰ ਅਤੇ ਪੱਥਰ ਦੀਆਂ ਸਲੈਬਾਂ ਨਾਲ ਬਣਿਆ, ਇਸ ਦਾ ਸ਼ਿਖਾਰਾ (ਮੀਨਾਰ) ਦੂਰੋਂ ਦੇਖਿਆ ਜਾ ਸਕਦਾ ਹੈ। ਮੌਜੂਦਾ ਢਾਂਚਾ, ਜਿਵੇਂ ਕਿ ਇਹ ਅੱਜ ਖੜ੍ਹਾ ਹੈ, ਦਾ ਸਿਹਰਾ ਰਤਲਾਮ ਦੇ ਮਹਾਰਾਜਾ ਜਗਤ ਰਾਜ ਦੁਆਰਾ ਦਿੱਤਾ ਜਾ ਸਕਦਾ ਹੈ।



ਰਾਜਸਥਾਨ ਵਿੱਚ ਤੁਹਾਡੀ ਫੇਰੀ ਦੌਰਾਨ ਦੇਖਣ ਵਾਲੇ ਸਥਾਨਾਂ ਵਿੱਚੋਂ ਇੱਕ ਹੈ ਪਾਲੀ ਵਿੱਚ ਪਰਸ਼ੂਰਾਮ ਮਹਾਦੇਵ ਮੰਦਰ। ਇਹ ਮੰਦਰ, ਜੋ ਭਗਵਾਨ ਸ਼ਿਵ ਨੂੰ ਸਮਰਪਿਤ ਹੈ, ਪਾਲੀ ਅਤੇ ਰਾਜਸਮੰਦ ਜ਼ਿਲ੍ਹੇ ਦੀ ਸਰਹੱਦ 'ਤੇ ਸਥਿਤ ਹੈ। ਇਸ ਨਾਲ ਜੁੜੀ ਇਕ ਵਿਸ਼ੇਸ਼ ਪੌਰਾਣਿਕ ਕਥਾ ਕਾਰਨ ਇਹ ਮੰਦਰ ਸ਼ਰਧਾਲੂਆਂ ਦੇ ਮਨਾਂ ਵਿਚ ਇਕ ਵਿਸ਼ੇਸ਼ ਸਥਾਨ ਰੱਖਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਇੱਥੇ ਭਗਵਾਨ ਵਿਸ਼ਨੂੰ ਦੇ ਛੇਵੇਂ ਅਵਤਾਰ ਭਗਵਾਨ ਪਰਸ਼ੂਰਾਮ ਨੇ ਆਪਣੀ ਕੁਹਾੜੀ ਨਾਲ ਪੂਰੀ ਗੁਫਾ ਨੂੰ ਉੱਕਰਿਆ ਸੀ। ਇਹੀ ਕਾਰਨ ਹੈ ਕਿ ਇਸ ਮੰਦਰ ਨੂੰ ਅਮਰਨਾਥ ਗੁਫਾ ਮੰਦਰ ਵੀ ਕਿਹਾ ਜਾਂਦਾ ਹੈ, ਅਤੇ ਲਗਭਗ 3,995 ਫੁੱਟ ਦੀ ਉਚਾਈ 'ਤੇ ਸਥਿਤ ਹੈ। ਜਿਵੇਂ ਹੀ ਤੁਸੀਂ ਮੰਦਰ ਵਿੱਚ ਦਾਖਲ ਹੁੰਦੇ ਹੋ, ਤੁਹਾਨੂੰ ਭਗਵਾਨ ਗਣੇਸ਼ ਅਤੇ ਭਗਵਾਨ ਸ਼ਿਵ ਦੀਆਂ ਮੂਰਤੀਆਂ ਮਿਲਦੀਆਂ ਹਨ। ਮੰਦਰ ਦੀ ਇਕ ਹੋਰ ਵਿਸ਼ੇਸ਼ਤਾ ਨੌਂ ਕੁੰਡ ਹਨ, ਜੋ ਸ਼ਰਧਾਲੂਆਂ ਦਾ ਮੰਨਣਾ ਹੈ ਕਿ ਕਦੇ ਵੀ ਸੁੱਕਦਾ ਨਹੀਂ ਹੈ। ਗੁਫਾ ਤੱਕ ਪਹੁੰਚਣ ਲਈ, ਤੁਹਾਨੂੰ ਘੱਟੋ-ਘੱਟ 500 ਪੌੜੀਆਂ ਉਤਰਨੀਆਂ ਪੈਣਗੀਆਂ।

ਬੀਕਾਨੇਰ ਵਿੱਚ ਕਰਨੀ ਮਾਤਾ ਦਾ ਮੰਦਰ ਰਾਜਸਥਾਨ ਵਿੱਚ ਸਭ ਤੋਂ ਵੱਧ ਵੇਖੇ ਜਾਣ ਵਾਲੇ ਮੰਦਰਾਂ ਵਿੱਚੋਂ ਇੱਕ ਹੈ। ਇਹ ਅਸਥਾਨ ਦੇਵੀ ਮਾਤਾ ਕਰਨੀ ਨੂੰ ਸਮਰਪਿਤ ਹੈ, ਜਿਸ ਨੂੰ ਦੇਵੀ ਦੁਰਗਾ ਦਾ ਅਵਤਾਰ ਮੰਨਿਆ ਜਾਂਦਾ ਹੈ। ਇਸ ਨੂੰ ਬੀਕਾਨੇਰ ਦੇ ਮਹਾਰਾਜਾ ਗੰਗਾ ਸਿੰਘ ਨੇ 20ਵੀਂ ਸਦੀ ਵਿੱਚ ਸ਼ਾਨਦਾਰ ਮੁਗਲ ਸ਼ੈਲੀ ਵਿੱਚ ਬਣਾਇਆ ਸੀ। ਚੂਹਿਆਂ ਤੋਂ ਇਲਾਵਾ, ਮਾਤਾ ਕਰਨੀ ਦੀ ਮੂਰਤੀ, ਜੋ ਕਿ ਲਗਭਗ 75 ਸੈਂਟੀਮੀਟਰ ਹੈ, ਇੱਕ ਵੱਡੀ ਭੀੜ ਖਿੱਚਣ ਵਾਲੀ ਹੈ। ਇਸ ਨੂੰ ਚੂਹੇ ਦੇ ਮੰਦਰ ਵਜੋਂ ਵੀ ਜਾਣਿਆ ਜਾਂਦਾ ਹੈ, ਕਿਉਂਕਿ ਇਸ ਮੰਦਰ ਵਿੱਚ ਚੂਹਿਆਂ ਨੂੰ ਸਭ ਤੋਂ ਵੱਧ ਸਤਿਕਾਰ ਦਿੱਤਾ ਜਾਂਦਾ ਹੈ। ਅਸਲ ਵਿੱਚ, ਉਨ੍ਹਾਂ ਦੀ ਪੂਜਾ ਮੰਦਰਾਂ ਦੇ ਹੋਰ ਦੇਵਤਿਆਂ ਵਾਂਗ ਹੀ ਕੀਤੀ ਜਾਂਦੀ ਹੈ। ਕਿਸੇ ਵੀ ਦਿਨ ਮੰਦਰ 'ਤੇ ਜਾਓ, ਅਤੇ ਤੁਸੀਂ ਇਸ ਦੇ ਅਹਾਤੇ ਦੇ ਆਲੇ ਦੁਆਲੇ ਸੈਂਕੜੇ ਚੂਹਿਆਂ ਨੂੰ ਘੁੰਮਦੇ ਦੇਖੋਗੇ। ਸ਼ਰਧਾਲੂ ਫਰਸ਼ 'ਤੇ ਦੁੱਧ ਦੇ ਕਟੋਰੇ ਰੱਖਦੇ ਹਨ, ਜਿਸ ਦਾ ਚੂਹੇ ਦੁਆਰਾ ਆਨੰਦ ਲਿਆ ਜਾਂਦਾ ਹੈ। ਬਾਅਦ ਵਿੱਚ, ਇਸ ਵਿੱਚੋਂ ਕੁਝ ਦਾ ਸੇਵਨ ਸ਼ਰਧਾਲੂਆਂ ਦੁਆਰਾ ਕੀਤਾ ਜਾਂਦਾ ਹੈ, ਕਿਉਂਕਿ ਅਜਿਹਾ ਕਰਨ ਨਾਲ ਚੰਗੀ ਕਿਸਮਤ ਅਤੇ ਖੁਸ਼ਹਾਲੀ ਲਿਆਉਣ ਦਾ ਵਿਸ਼ਵਾਸ ਕੀਤਾ ਜਾਂਦਾ ਹੈ।



ਰਾਜਸਥਾਨ ਦੀ ਕੋਈ ਵੀ ਤੀਰਥ ਯਾਤਰਾ ਚੁਰੂ ਦੇ ਸਾਲਾਸਰ ਬਾਲਾਜੀ ਮੰਦਿਰ ਦੇ ਦਰਸ਼ਨ ਕੀਤੇ ਬਿਨਾਂ ਪੂਰੀ ਨਹੀਂ ਹੁੰਦੀ। ਮੰਦਰ ਭਗਵਾਨ ਹਨੂੰਮਾਨ ਨੂੰ ਸਮਰਪਿਤ ਹੈ ਅਤੇ ਸਾਰਾ ਸਾਲ ਵੱਡੀ ਗਿਣਤੀ ਵਿੱਚ ਸ਼ਰਧਾਲੂ ਆਉਂਦੇ ਹਨ। ਇਨ੍ਹਾਂ ਦੀ ਗਿਣਤੀ ਖਾਸ ਤੌਰ 'ਤੇ ਚੈਤ ਪੂਰਨਿਮਾ ਅਤੇ ਅਸ਼ਵਿਨ ਪੂਰਨਿਮਾ ਦੇ ਮੌਕਿਆਂ 'ਤੇ ਵੱਧ ਜਾਂਦੀ ਹੈ। ਮੰਦਿਰ ਲਈ ਸ਼ਰਧਾਲੂਆਂ ਦਾ ਇਹ ਵਿਸ਼ੇਸ਼ ਲਗਾਵ ਇਸ ਤੱਥ ਦੇ ਕਾਰਨ ਹੈ ਕਿ ਇਸਨੂੰ ਸਵੈਮੰਭੂ (ਸਵੈ-ਰਚਨਾ) ਅਤੇ ਸ਼ਕਤੀ ਸਥਲ (ਅੰਤਮ ਸ਼ਕਤੀ ਨਾਲ ਬਖਸ਼ਿਆ ਤੀਰਥ ਸਥਾਨ) ਮੰਨਿਆ ਜਾਂਦਾ ਹੈ। ਮੰਦਰ ਦਾ ਮੁੱਖ ਦੇਵਤਾ ਭਗਵਾਨ ਹਨੂੰਮਾਨ ਦੀ ਬਚਪਨ ਦੀ ਮੂਰਤੀ ਹੈ ਜਿਸ ਦੇ ਪਿੱਛੇ ਇੱਕ ਦਿਲਚਸਪ ਪੌਰਾਣਿਕ ਕਹਾਣੀ ਹੈ। ਇਸ ਦੇ ਅਨੁਸਾਰ, ਮਹਿੰਦੀਪੁਰ ਪਿੰਡ ਕਿਸੇ ਸਮੇਂ ਭੂਤਾਂ ਦੇ ਲਗਾਤਾਰ ਹਮਲਿਆਂ ਤੋਂ ਪ੍ਰੇਸ਼ਾਨ ਸੀ। ਇੱਕ ਦਿਨ, ਪੁਜਾਰੀ ਨੂੰ ਇੱਕ ਸੁਪਨਾ ਆਇਆ ਜਿਸ ਵਿੱਚ ਭਗਵਾਨ ਹਨੂੰਮਾਨ ਨੇ ਉਸਨੂੰ ਇੱਕ ਵਿਸ਼ੇਸ਼ ਤੌਰ 'ਤੇ ਚੁਣੇ ਹੋਏ ਖੇਤਰ ਵਿੱਚ ਅਰਾਵਲੀ ਪਹਾੜੀਆਂ ਨੂੰ ਖੋਦਣ ਦਾ ਸੁਝਾਅ ਦਿੱਤਾ। ਖੁਦਾਈ ਤੋਂ ਪ੍ਰੀਤ ਰਾਜਾ ਅਤੇ ਸ਼੍ਰੀ ਰਾਮ ਦੀਆਂ ਮੂਰਤੀਆਂ ਦੇ ਨਾਲ ਹਨੂੰਮਾਨ ਜੀ ਦੀ ਬਚਪਨ ਦੀ ਮੂਰਤੀ ਸਾਹਮਣੇ ਆਈ।



ਰਾਜਸਥਾਨ ਦੇ ਅਲਵਰ ਜ਼ਿਲ੍ਹੇ ਵਿੱਚ ਸਥਿਤ ਨੀਲਕੰਠ ਮੰਦਿਰ, ਸਰਿਸਕਾ ਟਾਈਗਰ ਰਿਜ਼ਰਵ ਦੇ ਨੇੜੇ ਹੈ, ਜੋ ਰਾਜਸਥਾਨ ਵਿੱਚ ਦੇਖਣ ਲਈ ਚੋਟੀ ਦੇ ਸਥਾਨਾਂ ਵਿੱਚੋਂ ਇੱਕ ਹੈ। ਮੰਦਿਰ ਦਾ ਰਸਤਾ ਕੱਚਾ, ਖੜ੍ਹਾ ਅਤੇ ਕੱਚਾ ਹੈ, ਪਰ ਇਸ ਤੋਂ ਬਾਅਦ ਤੁਹਾਨੂੰ ਕੀ ਉਡੀਕਣਾ ਚਾਹੀਦਾ ਹੈ ਜੋ ਮਿਹਨਤ ਦੇ ਯੋਗ ਹੈ। ਜਿਸ ਨੂੰ ਨੀਲਕੰਠ ਮੰਦਿਰ ਕਿਹਾ ਜਾਂਦਾ ਹੈ, ਅਸਲ ਵਿੱਚ, ਇੱਕ ਮੰਦਰ ਕੰਪਲੈਕਸ ਹੈ ਜਿਸ ਵਿੱਚ ਕਈ ਮੰਦਰ ਹਨ। ਮੁੱਖ ਮੰਦਰ, ਹਾਲਾਂਕਿ, ਭਗਵਾਨ ਸ਼ਿਵ ਨੂੰ ਸਮਰਪਿਤ ਹੈ। ਲਗਭਗ ਸਾਰੇ ਮੰਦਰ ਉੱਤਰ ਭਾਰਤੀ ਆਰਕੀਟੈਕਚਰ ਦੀ ਸ਼ੈਲੀ ਵਿੱਚ ਬਣਾਏ ਗਏ ਹਨ, ਜਿਸ ਦੀ ਵਿਸ਼ੇਸ਼ਤਾ ਸ਼ਿਖਾਰਾ, ਉੱਚ ਢਾਂਚਾ ਅਤੇ ਇੱਕ ਗੋਲਾ ਹੈ। ਮੰਦਰ ਦੀ ਉਸਾਰੀ ਦਾ ਸਿਹਰਾ ਮਹਾਰਾਜਾਧੀਰਾਜ (ਰਾਜਿਆਂ ਦਾ ਰਾਜਾ) ਮਥਨਦੇਵ ਨੂੰ ਜਾਂਦਾ ਹੈ। ਮੰਦਰ ਤੋਂ ਲਗਭਗ 100 ਮੀਟਰ ਦੀ ਦੂਰੀ 'ਤੇ ਜੈਨ ਤੀਰਥੰਕਰ ਸ਼ਾਂਤੀਨਾਥ ਦੀ ਇਕ ਵਿਸ਼ਾਲ ਪੱਥਰ ਦੀ ਮੂਰਤੀ ਹੈ।



ਕਈ ਵਾਰ, ਕੁਝ ਘਟਨਾਵਾਂ ਅਲੌਕਿਕ ਵਿੱਚ ਸਾਡੇ ਵਿਸ਼ਵਾਸ ਨੂੰ ਮਜ਼ਬੂਤ ਕਰਦੀਆਂ ਹਨ, ਅਤੇ ਇੱਕ ਸੰਦੇਹਵਾਦੀ ਨੂੰ ਵੀ ਪਰਮ ਸ਼ਕਤੀ ਦੀ ਹੋਂਦ ਨੂੰ ਮੰਨਣ ਲਈ ਮਜਬੂਰ ਕੀਤਾ ਜਾਂਦਾ ਹੈ, ਜਿਸਨੂੰ ਅਸੀਂ ਪਰਮਾਤਮਾ ਕਹਿੰਦੇ ਹਾਂ। ਜੈਸਲਮੇਰ ਤੋਂ ਲਗਭਗ 120 ਕਿਲੋਮੀਟਰ ਦੂਰ ਸਥਿਤ ਤਨੋਟ ਮਾਤਾ ਮੰਦਿਰ ਇਸ ਦੀ ਇੱਕ ਉਦਾਹਰਣ ਹੈ। ਟੈਂਪੂ ਭਾਰਤ-ਪਾਕਿਸਤਾਨ ਸਰਹੱਦ 'ਤੇ ਲੌਂਗੇਵਾਲਾ ਦੇ ਨਜ਼ਦੀਕ ਸਥਿਤ ਹੈ। ਇਹ ਮੰਦਰ ਤਨੋਟ ਮਾਤਾ ਨੂੰ ਸਮਰਪਿਤ ਹੈ, ਜਿਸ ਨੂੰ ਦੇਵੀ ਹਿੰਗਲਾਜ ਦਾ ਅਵਤਾਰ ਮੰਨਿਆ ਜਾਂਦਾ ਹੈ। ਜਦੋਂ ਕਿ ਮੰਦਿਰ ਦੀ ਬਣਤਰ ਕਾਫ਼ੀ ਨਿਮਰ ਅਤੇ ਸੰਜੀਦਾ ਹੈ, 1965 ਦੀ ਭਾਰਤ-ਪਾਕਿਸਤਾਨ ਜੰਗ ਦੌਰਾਨ ਵਾਪਰੀ ਇੱਕ ਘਟਨਾ ਕਾਰਨ, ਮੰਦਰ ਨੂੰ ਸ਼ਰਧਾਲੂਆਂ ਦੁਆਰਾ ਸਭ ਤੋਂ ਵੱਧ ਸਤਿਕਾਰ ਦਿੱਤਾ ਜਾਂਦਾ ਹੈ। ਯੁੱਧ ਦੌਰਾਨ, ਬਹੁਤ ਸਾਰੇ ਗੋਲੇ ਅਤੇ ਬੰਬ ਮੰਦਰ ਵੱਲ ਸੇਧਿਤ ਹੋਣ ਦੇ ਬਾਵਜੂਦ, ਇਹ ਪੂਰੀ ਤਰ੍ਹਾਂ ਸੁਰੱਖਿਅਤ ਰਿਹਾ ਕਿਉਂਕਿ ਉਨ੍ਹਾਂ ਵਿੱਚੋਂ ਕੋਈ ਵੀ ਵਿਸਫੋਟ ਨਹੀਂ ਹੋਇਆ। ਇਸ ਨੇ ਲੋਕਾਂ ਦੇ ਵਿਸ਼ਵਾਸ ਨੂੰ ਮਜ਼ਬੂਤ ਕੀਤਾ ਕਿ ਮੰਦਰ ਨੂੰ ਹਰ ਸਮੇਂ ਦੇਵੀ ਤਨੋਟ ਦੁਆਰਾ ਸੁਰੱਖਿਅਤ ਕੀਤਾ ਗਿਆ ਸੀ। ਜੰਗ ਤੋਂ ਬਾਅਦ ਨਾ ਸਿਰਫ ਬੀਐਸਐਫ ਨੇ ਮੰਦਰ ਦਾ ਦੁਬਾਰਾ ਨਿਰਮਾਣ ਕੀਤਾ, ਇਸ ਦਾ ਪ੍ਰਬੰਧਨ ਵੀ ਉਨ੍ਹਾਂ ਦੇ ਨਾਮ 'ਤੇ ਇੱਕ ਟਰੱਸਟ ਦੁਆਰਾ ਕੀਤਾ ਜਾਂਦਾ ਹੈ।



ਰਣਕਪੁਰ ਜੈਨ ਮੰਦਿਰ, ਉਦੈਪੁਰ ਸ਼ਹਿਰ ਤੋਂ ਲਗਭਗ 90 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ, ਦੇਖਣ ਲਈ ਇਕ ਸ਼ਾਨਦਾਰ ਦ੍ਰਿਸ਼ ਹੈ। ਇਹ 48,000 ਵਰਗ, ਫੁੱਟ ਦੇ ਖੇਤਰ ਨੂੰ ਕਵਰ ਕਰਦਾ ਹੈ, ਇਸਦੀ ਆਰਕੀਟੈਕਚਰ ਆਕਾਰ ਅਤੇ ਸੂਝ ਦਾ ਸ਼ਾਨਦਾਰ ਮਿਸ਼ਰਨ ਹੈ। ਤੁਹਾਨੂੰ ਇਸਦੇ ਪ੍ਰਭਾਵਸ਼ਾਲੀ ਮਾਪਾਂ ਦਾ ਇੱਕ ਵਿਚਾਰ ਦੇਣ ਲਈ, ਇੱਥੇ ਕੁਝ ਅੰਕੜੇ ਹਨ। ਪੂਰਾ ਮੰਦਰ ਕੰਪਲੈਕਸ 1,444 ਉੱਕਰੀਆਂ ਥੰਮ੍ਹਾਂ ਅਤੇ 24 ਥੰਮ੍ਹਾਂ ਵਾਲੇ ਹਾਲਾਂ 'ਤੇ ਖੜ੍ਹਾ ਹੈ ਜੋ 400 ਕਾਲਮਾਂ ਦੁਆਰਾ ਸਮਰਥਤ 80 ਗੁੰਬਦਾਂ ਦੁਆਰਾ ਸਿਖਰ 'ਤੇ ਹਨ। ਭਗਵਾਨ ਆਦਿਨਾਥ (ਜੈਨ ਇਤਿਹਾਸ ਵਿੱਚ ਪਹਿਲੇ ਤੀਰਥੰਕਰ) ਦੀ ਇੱਕ 6 ਫੁੱਟ ਉੱਚੀ ਮੂਰਤੀ ਵੀ ਮੰਦਰ ਦੇ ਅੰਦਰ ਇੱਕ ਪ੍ਰਮੁੱਖ ਆਕਰਸ਼ਣ ਹੈ, ਜੋ ਕਿ ਮੁੱਖ ਮੰਦਰ ਕੰਪਲੈਕਸ ਦੇ ਸਭ ਤੋਂ ਵੱਡੇ ਸਿਰੇ ਦੇ ਹੇਠਾਂ ਸੁੰਦਰਤਾ ਨਾਲ ਬੈਠੀ ਹੈ। ਹੋਰ ਮੰਦਰ ਜੋ ਇਸ ਮੰਦਰ ਦੇ ਆਲੇ-ਦੁਆਲੇ ਹਨ, ਸੂਰਜ ਮੰਦਰ, ਚੌਮੁਖਾ ਮੰਦਰ, ਪਾਰਸ਼ਵਨਾਥ ਮੰਦਰ ਅਤੇ ਅੰਬਾ ਮਾਤਾ ਮੰਦਰ ਹਨ।



ਜਿਸਨੂੰ ਗਲਤਾਜੀ ਮੰਦਿਰ ਕਿਹਾ ਜਾਂਦਾ ਹੈ ਉਹ ਅਸਲ ਵਿੱਚ ਹਿੰਦੂ ਮੰਦਰਾਂ ਦਾ ਇੱਕ ਸਮੂਹ ਹੈ ਅਤੇ ਇੱਕ ਪ੍ਰਮੁੱਖ ਹਿੰਦੂ ਤੀਰਥ ਸਥਾਨ ਹੈ ਜੋ ਜੈਪੁਰ ਦੇ ਮੁੱਖ ਸ਼ਹਿਰ ਤੋਂ ਲਗਭਗ 10 ਕਿਲੋਮੀਟਰ ਦੂਰ ਸਥਿਤ ਹੈ। ਇਸ ਮੰਦਰ ਦਾ ਦੌਰਾ ਕਰਨ 'ਤੇ, ਹੈਰਾਨ ਨਾ ਹੋਵੋ ਜੇਕਰ ਤੁਹਾਨੂੰ ਬਾਂਦਰਾਂ ਦੇ ਸਮੂਹ ਦੁਆਰਾ ਸਵਾਗਤ ਕੀਤਾ ਜਾਂਦਾ ਹੈ. ਦਿਰਸ਼ਿਆਂ, ਮੰਦਿਰ ਦੇ ਅਹਾਤੇ ਅਤੇ ਹੋਰ ਹਰ ਥਾਂ 'ਤੇ ਬੈਠੇ ਹੋਏ, ਇੱਥੇ ਬਾਂਦਰ ਸਰਵ ਵਿਆਪਕ ਹਨ। ਮੌਜੂਦਾ ਮੰਦਰ, ਜਿਵੇਂ ਕਿ ਇਹ ਅੱਜ ਖੜ੍ਹਾ ਹੈ, 16ਵੀਂ ਸਦੀ ਵਿੱਚ ਸਵਾਈ ਜੈ ਸਿੰਘ ਦੂਜੇ, ਦੀਵਾਨ ਰਾਓ ਕ੍ਰਿਪਾਰਾਮ ਦੇ ਦਰਬਾਰੀ ਦੁਆਰਾ ਬਣਾਇਆ ਗਿਆ ਸੀ। ਮੁੱਖ ਮੰਦਰ, ਜੋ ਕਿ ਗੁਲਾਬੀ ਰੇਤਲੇ ਪੱਥਰ ਨਾਲ ਬਣਿਆ ਹੈ, ਗੋਲ ਛੱਤਾਂ, ਪੇਂਟ ਕੀਤੀਆਂ ਕੰਧਾਂ ਅਤੇ ਉੱਕਰੀਆਂ ਥੰਮ੍ਹਾਂ ਵਰਗੀਆਂ ਹੋਰ ਵਿਸ਼ੇਸ਼ਤਾਵਾਂ ਦੁਆਰਾ ਵੱਖਰਾ ਹੈ। ਮੰਦਿਰ ਦੇ ਸੈਲਾਨੀ ਇਸ ਦੇ ਅਨੇਕ ਪਾਣੀ ਦੇ ਟੈਂਕਾਂ ਤੋਂ ਵੀ ਆਕਰਸ਼ਤ ਹੁੰਦੇ ਹਨ, ਜਿਨ੍ਹਾਂ ਦੀ ਗਿਣਤੀ ਸੱਤ ਹੈ। ਇਹਨਾਂ ਵਿੱਚੋਂ ਮੁੱਖ ਗਲਤਾਜੀ ਤਲਾਬ ਹੈ। ਉਨ੍ਹਾਂ ਨੂੰ ਕੁਦਰਤੀ ਚਸ਼ਮੇ ਦੁਆਰਾ ਖੁਆਇਆ ਜਾਂਦਾ ਹੈ ਜੋ ਮੰਦਰ ਦੇ ਅੰਦਰ ਸਥਿਤ ਹਨ। ਮੰਦਰ ਦੇ ਸ਼ਰਧਾਲੂ ਅਕਸਰ ਇਸ ਦੇ ਪਾਣੀ ਵਿੱਚ ਇਸ਼ਨਾਨ ਕਰਦੇ ਹਨ ਕਿਉਂਕਿ ਇਹ ਕਈ ਔਸ਼ਧੀ ਗੁਣਾਂ ਨੂੰ ਠੀਕ ਕਰਨ ਵਾਲਾ ਮੰਨਿਆ ਜਾਂਦਾ ਹੈ।



ਜੈਨ ਮੰਦਰ ਰਾਜਸਥਾਨ ਦੇ ਸਭ ਤੋਂ ਮਸ਼ਹੂਰ ਮੰਦਰਾਂ ਵਿੱਚੋਂ ਕੁਝ ਹਨ। ਇਹਨਾਂ ਵਿੱਚੋਂ ਇੱਕ ਸ਼੍ਰੀ ਮਹਾਵੀਰ ਜੀ ਮੰਦਿਰ ਹੈ, ਜੋ ਰਾਜਸਥਾਨ ਦੇ ਕਰੌਲੀ ਜ਼ਿਲ੍ਹੇ ਵਿੱਚ ਸਥਿਤ ਹੈ। ਹਾਲਾਂਕਿ, ਭਾਵੇਂ ਨਾਮ ਹੋਰ ਵੀ ਸੁਝਾਅ ਦੇ ਸਕਦਾ ਹੈ, ਇਸ ਮੰਦਰ ਕੰਪਲੈਕਸ ਵਿੱਚ ਪੰਜ ਮੰਦਰ ਹਨ। ਹਰ ਇੱਕ ਆਰਕੀਟੈਕਚਰ ਅਤੇ ਸ਼ਾਨਦਾਰਤਾ ਦੇ ਮਾਮਲੇ ਵਿੱਚ ਦੂਜੇ ਜਿੰਨਾ ਸ਼ਾਨਦਾਰ ਅਤੇ ਸ਼ਾਨਦਾਰ ਹੈ। ਪੰਜ ਮੰਦਰ ਹਨ ਅਤਿਸ਼ਯ ਖੇਤਰ ਸ਼੍ਰੀ ਮਹਾਵੀਰਜੀ, ਭਗਵਾਨ ਪਾਰਸ਼ਵਨਾਥ ਜਿਨਾਲਿਆ, ਸ਼ਾਂਤੀਨਾਥ ਜਿਨਾਲਿਆ ਅਤੇ ਕੀਰਤੀ ਆਸ਼ਰਮ ਚੈਤਿਆਲਿਆ। ਇਨ੍ਹਾਂ ਵਿੱਚੋਂ ਹਰ ਇੱਕ ਮੰਦਰ ਵਿੱਚ ਕੁਝ ਖਾਸ ਹੈ। ਅਤਿਸ਼ਯਾ ਖੇਤਰ ਮੰਦਿਰ ਵਿਖੇ, ਮਨਸਤੰਭਾ, ਜਿਸ ਨੂੰ ਕਾਲਮ ਆਫ਼ ਪ੍ਰਾਈਡ ਵੀ ਕਿਹਾ ਜਾਂਦਾ ਹੈ, ਮੁੱਖ ਆਕਰਸ਼ਣ ਹੈ। ਲਗਭਗ 52 ਫੁੱਟ ਦੀ ਉਚਾਈ 'ਤੇ ਖੜ੍ਹੇ ਹੋਏ, ਇਸ ਨੂੰ ਤੀਰਥੰਕਰ ਚਾਰ ਦਿਸ਼ਾਵਾਂ ਵਿੱਚ ਵੇਖਦੇ ਹੋਏ ਸਿਖਰ 'ਤੇ ਹਨ। ਭਗਵਾਨ ਜਿਨਾਲੇ ਮੰਦਿਰ ਨੂੰ ਇਸ ਦੇ ਸ਼ਾਨਦਾਰ ਸ਼ੀਸ਼ੇ ਦੇ ਕੰਮ ਕਰਕੇ ਕਾਂਚ ਦਾ ਮੰਦਰ (ਸ਼ੀਸ਼ਿਆਂ ਦਾ ਮੰਦਰ) ਵੀ ਕਿਹਾ ਜਾਂਦਾ ਹੈ। ਸ਼ਾਂਤੀਨਾਥ ਜਿਨਾਲਾ ਸ਼ਾਂਤੀਨਾਥ (16ਵੇਂ ਜੈਨ ਤੀਰਥੰਕਰ) ਦੀ 32 ਫੁੱਟ ਦੀ ਮੂਰਤੀ ਲਈ ਸਭ ਤੋਂ ਮਸ਼ਹੂਰ ਹੈ।